੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG
1920 ਤੋਂ ਸਾਲ 99 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਹਾੜ ੨੦੭੬
15 To 29 June 2019

ਜਿਲਦ 27
ਨੰਬਰ 10
Total Pages 44

ਸ੍ਰੀ ਸਤਿਗੁਰੂ ਹਰਿ ਗੋਬਿੰਦ ਜੀ ਦੇ ਪ੍ਰਕਾਸ਼ ਪੁਰਬ ਤੇ ਵਿਸ਼ੇਸ਼

ਸ੍ਰੀ ਸਤਿਗੁਰੂ ਹਰਗੋਬਿੰਦ ਸਾਹਿਬ ਜੀ

ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ.....

Sri Satguru Jagjit Singh Ji Elibrary NamdhariElibrary@gmail.com

ਸਿਡਨੀ (ਆਸਟ੍ਰੇਲੀਆ) ਦੌਰੇ ਦੀਆਂ ਝਲਕੀਆਂ 10 ਮਈ 2019

ਸਿਡਨੀ ਪੁੱਜਣ ਤੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ।

ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਬੱਚੇ ਸ਼ਬਦ ਗਾਇਨ ਕਰਦੇ ਹੋਏ।

ਸ੍ਰੀ ਸਤਿਗੁਰੂ ਜੀ- ਬੱਚਿਆਂ ਨਾਲ ਜਿਨ੍ਹਾ ਨੇ ਸੰਗਤ ਵਿੱਚ ਸ਼ਬਦ ਕੀਰਤਨ ਕੀਤਾ।

ਸ.ਹਰਮੀਤ ਸਿੰਘ ਚੇਅਰਮੈਨ (ਜੀਵਨ ਨਗਰ) ਦੇ ਗ੍ਰਹਿ
ਵਿਖੇ ਸ੍ਰੀ ਸਤਿਗੁਰੂ ਜੀ

ਸਤਿਨਾਮ ਸਿੰਘ ਹੋਠੀਆਂ ਦੇ ਪਰਿਵਾਰ ਦੇ ਗ੍ਰਹਿ
ਵਿਖੇ ਸ੍ਰੀ ਸਤਿਗੁਰੂ ਜੀ

ਸਤਿਜੁਗ

੧ ਤੋਂ ੧੫ ਹਾੜ ੨੦੭੬ ਬ੍ਰਿ.

15 ਤੋਂ 29 ਜੂਨ 2019 ਈ:

ਜਿਲਦ 27, ਵੀਰਵਾਰ ਨੰਬਰ 10

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.

Date of Publication: 26-6-2019,
Date of Posting: 27-28 June 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat

A/c: 13101450000043
Ifsc code: HDFC0001310

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ Usd ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ Usd ਡਾਲਰ

Designed and Typeset
Vishav Namdhari sangat, Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

* ਸੰਪਾਦਕੀ-- ਭਿਆਨਕ ਹਾਦਸੇ (ਕਾਰਣ ਅਤੇ ਨਿਵਾਰਣ)
ਹਰਪਾਲ ਸਿੰਘ ਸੇਵਕ..4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.......................6
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ 6
* ਕ੍ਰਾਂਤੀ ਦਰਸ਼ੀ ਸਨ ਗੁਰੂ ਹਰਿਗੋਬਿੰਦ
ਡਾ. ਮਹੀਪ ਸਿੰਘ 9
* ਬਾਬਾ ਬੰਦਾ ਸਿੰਘ ਬਹਾਦਰ ਇਕ ਅਚਰਜ ਤੇ ......
ਡਾ. ਹਰਨਾਮ ਸਿੰਘ ਸ਼ਾਨ 13
* ਨੇੜਿਓਂ ਡਿੱਠੇ ਡਾ.ਕਿਰਪਾਲ ਸਿੰਘ ਹਿਸਟੋਰੀਅਨ
ਸੁਖਦੇਵ ਸਿੰਘ 18
* ਪਦਾਰਥਾਂ ਦੇ ਮਾਲਕ
ਮਾ. ਨਿਹਾਲ ਸਿੰਘ 20
* **MOTHER OF FREEDOM MOVEMENTS**
HUMAYUN KABIR 22
* *A Saga Of Sri Satguru Jagjit Singh ji*
Dr. Sharada Jayagovind..............................*24*
* ਕਾਵਿ ਕਿਆਰੀ 26
* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ.........................28
* ਸੁੱਚੇ ਮੋਤੀ 30
* ਬੱਚਿਆਂ ਦਾ ਪੰਨਾ.......................................31
* ਖ਼ਬਰਨਾਮਾ..32

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ: (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਭਿਆਨਕ ਹਾਦਸੇ

ਕਾਰਣ ਅਤੇ ਨਿਵਾਰਣ

ਇਹੋ ਜਿਹੀਆਂ ਸੜਕ ਦੁਰਘਟਨਾਵਾਂ ਸਾਡਾ ਧਿਆਨ ਖਿੱਚਦੀਆਂ ਹਨ ਕਿ ਸੜਕ ਕੰਢੇ ਬੱਸ ਦੀ ਉਡੀਕ ਕਰ ਰਹੀਆਂ ਕਾਲਜ ਦੀਆਂ ਲੜਕੀਆਂ ਨੂੰ ਤੇਜ ਗਤੀ ਟਰੱਕ ਨੇ ਕੁਚਲ ਦਿੱਤਾ। ਦਿੱਲੀ ਆਗਰਾ ਹਾਈਵੇ ਤੇ ਇਕ ਕਾਰ ਜਿਸ ਵਿਚ ਚਾਰ ਪੰਜ ਨੌਜੁਆਨ ਡਾਕਟਰ ਸਨ, ਟਰੱਕ ਨਾਲ ਟਕਰਾ ਜਾਣ ਨਾਲ ਜਿੰਦਗੀ ਤੋਂ ਹੱਥ ਧੋ ਬੈਠੇ। ਲੁਧਿਆਣੇ ਸ਼ਹਿਰ ਵਿਚ ਰਾਤ ਨੂੰ ਗਲੀ ਵਿਚ ਲੱਗੇ ਇੱਟਾਂ ਦੇ ਚੱਠੇ ਨਾਲ ਕਾਰ ਟਕਰਾ ਜਾਣ ਨਾਲ ਮਾਪਿਆਂ ਦਾ ਇਕਲੌਤਾ ਪੁੱਤਰ ਚੱਲ ਵਸਿਆ। ਹੁਣੇ ਕੁਝ ਦਿਨ ਪਹਿਲਾਂ ਦਮਦਮਾ (ਸਿਰਸਾ) ਦਾ ਇਕ ਪ੍ਰਵਾਰ ਆਪਣੀ ਬੱਚੀ ਨੂੰ ਕੈਨੇਡਾ ਵਾਸਤੇ ਜਹਾਜ ਤੇ ਚੜ੍ਹਾ ਕੇ ਵਾਪਸ ਆਉਂਦਿਆਂ ਅੱਧੀ ਰਾਤੋਂ ਬਾਅਦ ਹਾਦਸੇ ਦਾ ਸ਼ਿਕਾਰ ਹੋ ਗਿਆ। ਹਾਈਵੇ ਤੇ ਸੜਕ ਕਿਨਾਰੇ ਖੜੇ ਟਰੱਕ ਨਾਲ ਕਾਰ ਟਕਰਾ ਗਈ। ਦੋ ਜਵਾਨ ਭਰਾ ਅਤੇ ਇੱਕ ਬੱਚੀ ਦੀ ਥਾਂ ਤੇ ਮੌਤ ਹੋ ਗਈ। ਬਾਕੀਆਂ ਨੂੰ ਵੀ ਗੰਭੀਰ ਸੱਟਾਂ ਲੱਗੀਆਂ। ਇਹ ਕੁਝ ਵੰਨਗੀ ਮਾਤਰ ਘਟਨਾਵਾਂ ਹਨ ਜੋ ਪਿਛਲੇ ਥੋੜੇ ਸਮੇਂ ਵਿਚ ਵਾਪਰੀਆਂ ਹਨ ਅਤੇ ਹੈਨ ਵੀ ਨਾਮਧਾਰੀ ਪ੍ਰਵਾਰਾਂ ਨਾਲ ਸਬੰਧਿਤ ਪਰ ਜੇ ਪੂਰੇ ਦੇਸ਼ ਭਰ ਵਿਚ ਵੇਖੀਏ ਤਾਂ ਭਾਰਤ-ਪਾਕਿ ਜੰਗਾਂ ਵਿਚ ਅਤੇ ਆਤੰਕੀ ਹਮਲਿਆਂ ਵਿਚ ਓਨੇ ਲੋਕ ਨਹੀਂ ਮੋਰੇ ਜਿੰਨੇ ਸੜਕ ਹਾਦਸਿਆਂ ਵਿਚ ਮਰੇ ਹਨ। ਕੇਵਲ ਮੌਤਾਂ ਹੀ ਨਹੀਂ, ਘਰ ਉਜੜਦੇ ਹਨ ਅਤੇ ਘਰ ਦੇ ਬਚੇ ਹੋਏ ਜੀਅ ਸੰਤਾਪ ਭੋਗਦੇ ਹਨ। ਸਾਡੇ ਪਿੰਡ ਭੈਣੀ ਸਾਹਿਬ ਦਾ ਹੀ ਇੱਕ ਸੱਜਣ ਡਾ. ਰਛਪਾਲ, ਜਿਸਨੇ 60-70 ਲੱਖ ਕਰਜਾ ਚੁੱਕ ਕੇ ਆਪਣੇ ਲੜਕੇ ਨੂੰ ਐਮ.ਬੀ.ਬੀ.ਐਸ. ਦੀ ਪੜ੍ਹਾਈ ਕਰਵਾਈ। ਲੜਕਾ ਵੀ ਬੜਾ ਹੋਣਹਾਰ ਸੀ, ਡਿਗਰੀ ਪੂਰੀ ਹੋਣ 'ਚ ਦੋ ਕੁ ਮਹੀਨੇ ਬਾਕੀ ਰਹਿੰਦੇ ਸਨ, ਮਾਪਿਆਂ ਨੂੰ ਬੜੀਆਂ ਆਸਾਂ ਉਮੀਦਾਂ ਸਨ ਆਪਣੇ ਸੁਯੋਗ ਪੁੱਤਰ ਤੇ। ਇੱਕ ਦਿਨ ਉਹ ਆਪਣੇ ਹੋਸਟਲ ਚੋਂ ਘਰ ਆ ਰਿਹਾ ਸੀ, ਫਲਾਈਓਵਰ ਤੇ ਇੱਕ ਟਰੱਕ ਨੇ ਕਾਰ ਨੂੰ ਟੱਕਰ ਮਾਰੀ। ਟੱਕਰ ਮਾਰਨ ਵਾਲਾ ਰੁਕਿਆ ਵੀ ਨਹੀਂ, ਰਾਤ ਦਾ ਸਮਾਂ ਸੀ। ਛੇਤੀ ਡਾਕਟਰੀ ਸਹਾਇਤਾ ਮਿਲ ਜਾਂਦੀ ਤਾਂ ਸ਼ਾਇਦ ਉਹ ਨੌਜੁਆਨ ਬਚ ਵੀ ਜਾਂਦਾ। ਕਿੰਨੇ ਘੰਟਿਆਂ ਬਾਅਦ ਕੋਈ ਰੁਕਿਆ, ਮਾਪਿਆਂ ਨੂੰ ਫੋਨ ਤੇ ਪਤਾ ਲੱਗਿਆ ਕਿ ਉਨ੍ਹਾਂ ਦੇ ਪੁੱਤਰ ਦੀ ਮੌਤ ਹੋ ਗਈ ਹੈ। ਮਾਪਿਆਂ ਦੀਆਂ ਸਾਰੀਆਂ ਆਸਾਂ ਉਮੀਦਾਂ ਪੁੱਤਰ ਦੇ ਸਸਕਾਰ ਨਾਲ ਹੀ ਸੁਆਹ ਹੋ ਗਈਆਂ। ਇਕ ਹੋਰ ਨੌਜੁਆਨ ਜੋ ਆਪਣੀ ਛੋਟੀ ਗੱਡੀ, ਫੋਰਵੀਲਰ 407 ਚਲਾ ਕੇ ਪ੍ਰਵਾਰ ਪਾਲ ਰਿਹਾ ਸੀ, ਜਿਸਦਾ ਪਿਤਾ ਕਰੀਬ 25-30 ਸਾਲਾਂ ਤੋਂ ਬੈੱਡ ਤੇ ਹੀ ਹੈ, ਬਿਰਧ ਮਾਤਾ, ਘਰਵਾਲੀ ਅਤੇ ਦੋ ਬੱਚੇ, ਲੜਕਾ-ਲੜਕੀ। ਇਹ ਨੌਜੁਆਨ ਮੋਟਰ ਸਾਈਕਲ ਤੇ ਜਾ ਰਿਹਾ ਸੀ, ਟਰੱਕ ਨੇ ਫੇਟ ਮਾਰੀ, ਸਿਰ ਤੇ ਸੱਟ ਲੱਗ ਗਈ, ਦੋ ਕੁ ਮਹੀਨੇ ਹਸਪਤਾਲ ਵਿਚ ਜਿੰਦਗੀ ਅਤੇ ਮੌਤ ਨਾਲ ਸੰਘਰਸ਼ ਕਰਦਾ ਰਿਹਾ। ਮਾਪਿਆਂ ਨੇ ਗੱਡੀ ਵੇਚ ਕੇ, ਜਮੀਨ ਗਹਿਣੇ ਪਾ ਕੇ ਅਤੇ ਕਰਜਾ ਚੁੱਕ ਕੇ 9 ਲੱਖ ਰੁਪਇਆ ਉਸਦੇ ਇਲਾਜ ਤੇ ਖਰਚ ਦਿੱਤਾ, ਇਸ ਉਮੀਦ ਨਾਲ ਕਿ ਪੁੱਤਰ ਬਚ ਜਾਵੇਗਾ ਤੇ ਫੇਰ ਕਮਾ ਲਵੇਗਾ। ਕਰਜਾ ਉਤਾਰ ਲਏਗਾ। ਪਰ ਅਖੀਰ ਜਿੰਦਗੀ ਹਾਰ ਗਈ। ਬਿਰਧ ਮਾਪਿਆਂ, ਵਿਧਵਾ ਪਤਨੀ ਅਤੇ ਛੋਟੇ-ਛੋਟੇ ਬਾਲਾਂ ਵਾਸਤੇ ਕੋਈ ਆਸ ਦੀ ਕਿਰਨ ਨਾ ਬਚੀ, ਰੋਟੀ ਤੋਂ ਵੀ ਆਤਰ ਹੋ ਗਏ। ਏਨਾਂ ਸ਼ੁਕਰ ਹੈ ਕਿ ਉਹ ਨਾਮਧਾਰੀ ਹਨ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿਚ ਆ ਕੇ ਆਪਣੀ ਦੁਖਦਾਈ ਵਿਥਿਆ ਸੁਣਾਈ। ਸ੍ਰੀ ਸਤਿਗੁਰੂ ਜੀ ਨੇ ਧੀਰਜ ਦਿੱਤਾ। ਦਫਤਰ ਵਿਚ ਹੁਕਮ ਕਰ ਦਿੱਤਾ ਕਿ ਹਰ ਮਹੀਨੇ ਇਨ੍ਹਾਂ ਦੇ ਰੋਟੀ-ਪਾਣੀ ਦੇ ਖਰਚੇ ਲਈ 4000 ਰੁਪਏ ਇਨ੍ਹਾਂ ਦੇ ਖਾਤੇ ਵਿਚ ਪਾ ਦਿਆ ਕਰੋ ਅਤੇ ਵਧੀਆ ਸਕੂਲ ਵਿਚ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰ ਕੇ, ਸਿੱਧੇ ਸਕੂਲ ਦੇ ਖਾਤੇ ਵਿਚ ਫੀਸ, ਕਿਤਾਬਾਂ ਅਤੇ ਵਰਦੀ ਆਦਿ ਦਾ ਖਰਚਾ ਭੇਜੋ। ਇਹ ਤਾਂ ਹਨ ਵੰਨਗੀ ਮਾਤਰ ਕੁਝ ਘਟਨਾਵਾਂ। ਰੋਜ਼ਾਨਾ ਅਜੇਹੇ ਸੈਂਕੜੇ ਹਾਦਸੇ ਵਾਪਰ ਰਹੇ ਹਨ। ਸਾਡੀਆਂ ਸੜਕਾਂ ਬੁੱਚੜ ਖਾਣੀਆਂ ਬਣ ਗਈਆਂ ਹਨ।

Sri Satguru Jagjit Singh Ji Elibrary NamdhariElibrary@gmail.com

ਅਜੇਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਕੋਈ ਉਪਰਾਲਾ ਹੋ ਰਿਹਾ ਹੋਵੇ, ਕਿਧਰੇ ਨਜ਼ਰ ਨਹੀਂ ਆਉਂਦਾ।

ਅਜੇਹੀਆਂ ਮੰਦ ਭਾਗੀਆਂ ਘਟਨਾਵਾਂ ਪਿਛੇ ਬਹੁਤ ਹੱਦ ਤੱਕ ਕਾਰਨ ਹੈ, ਬੇਤਰਤੀਬਾ ਅਤੇ ਕੁਚੱਜਾ ਟ੍ਰੈਫਿਕ, ਆਵਾਜਾਈ ਦੇ ਨਿਯਮਾਂ ਦੀ ਪਾਲਣਾ ਨਾ ਕਰਨਾ, ਸੜਕਾਂ ਤੇ ਫਿਰਦੇ ਅਵਾਰਾ ਪਸ਼ੂ ਅਤੇ ਕੁੱਤੇ ਆਦਿ।

ਜੇ ਅਸੀਂ ਵਿਕਸਤ ਦੇਸ਼ਾਂ ਦੇ ਟ੍ਰੈਫਿਕ ਦੀ ਤੁਲਨਾ ਆਪਣੇ ਦੇਸ ਨਾਲ ਕਰੀਏ ਤਾਂ ਇਉਂ ਲਗਦਾ ਹੈ ਕਿ ਏਥੇ ਨਾ ਤਾਂ ਕੋਈ ਟ੍ਰੈਫਿਕ ਕੰਟਰੋਲ ਮਹਿਕਮਾ ਹੈ ਅਤੇ ਏਥੋਂ ਦੇ ਲੋਕ ਹਨ ਅਸਭਿਅ ਅਤੇ ਅਨਪੜ੍ਹ, ਜਿਨਾਂ ਨੂੰ ਆਵਾਜਾਈ ਦੇ ਨਿਯਮਾਂ ਦੀ ਕੋਈ ਜਾਣਕਾਰੀ ਹੀ ਨਹੀਂ। ਵੈਸੇ ਤਾਂ ਸਾਡੇ ਭਾਰਤ ਦੀ ਬਦਕਿਸਮਤੀ ਹੈ ਕਿ ਸਾਡੇ ਦੇਸ਼ ਦਾ ਸਰਕਾਰੀ ਤੰਤਰ ਏਨਾਂ ਗੈਰ ਜ਼ਿੰਮੇਵਾਰ ਹੈ ਕਿ ਕੋਈ ਵੀ ਸਰਕਾਰੀ ਅਦਾਰਾ ਨਹੀਂ ਜੋ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦਾ ਹੋਵੇ ਜਾਂ ਐਉਂ ਕਹਿ ਸਕਦੇ ਹਾਂ ਕਿ ਸਰਕਾਰ ਨਾਮ ਦੀ ਚੀਜ ਸਾਡੇ ਦੇਸ਼ ਵਿਚ ਅਜੇ ਹੋਂਦ ਵਿਚ ਹੀ ਨਹੀਂ ਆਈ। ਸਿਆਸਤ ਦਾਨਾਂ ਦਾ ਮਕਸਦ ਵੋਟ ਬੈਂਕ ਮਜ਼ਬੂਤ ਕਰਨ ਤੱਕ ਹੀ ਸੀਮਿਤ ਹੈ। ਸਰਕਾਰੀ ਪ੍ਰਬੰਧਕੀ ਤੰਤਰ, ਲੋਕਾਂ ਲਈ ਸਹੂਲਤ ਨਾ ਹੋ ਕੇ, ਇਕ ਸਮੱਸਿਆ ਹੈ। ਜਿਨ੍ਹਾਂ ਦੀ ਜੇ ਕਿਸੇ ਕੰਮ ਵਿਚ ਮੁਹਾਰਤ ਹੈ ਤਾਂ ਉਹ ਹੈ, ਰਿਸ਼ਵਤ ਖੋਰੀ ਵਿਚ ਅਤੇ ਪੁਲਿਸ ਹੈ ਲੋਕਾਂ ਲਈ ਇਕ ਹਊਆ, ਇਹ ਭ੍ਰਿਸ਼ਟ ਤੰਤਰ ਜਨ- ਸਾਧਾਰਨ ਲਈ ਇਕ ਮਜਬੂਰੀ ਬਣ ਚੁੱਕਾ ਹੈ। ਇਹ ਨਹੀਂ ਕਿ ਕੋਈ ਹਰਿਆ ਬੂਟਾ ਰਹਿਆ ਹੀ ਨਹੀਂ। ਹਰ ਅਦਾਰੇ, ਹਰ ਮਹਿਕਮੇ ਵਿਚ ਨੇਕ ਅਤੇ ਇਮਾਨਦਾਰ ਸੱਜਣ ਵੀ ਹਨ, ਪਰ ਨਾਂ-ਮਾਤਰ ਹੀ; ਉਨ੍ਹਾਂ ਦਾ ਕੋਈ ਚਾਰਾ ਨਹੀਂ ਚਲਦਾ। ਪਰ ਅਜੇ ਅਸੀਂ ਗਲ ਕਰਦੇ ਹਾਂ ਕੇਵਲ ਸੜਕ ਹਾਦਸਿਆਂ ਦੀ, ਇਸਦੇ ਕਾਰਨ ਅਤੇ ਨਿਵਾਰਨ ਦੀ। ਕਈ ਵਿਦੇਸ਼ਾਂ ਵਿਚ ਵੱਸਦੇ ਭਾਰਤੀ (ਐਨ.ਆਰ.ਆਈ.) ਜਦੋਂ ਭਾਰਤ ਵਿਚ ਆਉਂਦੇ ਹਨ ਤਾਂ ਡਰਦੇ ਏਥੇ ਡਰਾਈਵਿੰਗ ਨਹੀਂ ਕਰਦੇ। ਤਿੰਨ ਚਾਰ ਲਾਈਨਾਂ ਵਾਲੇ ਹਾਈਵੇ ਤੇ ਕਈ ਵੇਰ ਸਾਰੀਆਂ ਲਾਈਨਾਂ ਸਲੋਅ ਸਪੀਡ ਟੱਰਕਾਂ ਨੇ ਰੋਕੀਆਂ ਹੁੰਦੀਆਂ ਹਨ। ਟਰੱਕਾਂ ਤੇ ਲੱਧੇ ਸਰੀਏ ਜੋ ਪਿਛੇ ਲਮਕਦੇ ਰਾਤ ਦੇ ਹਨੇਰੇ ਵਿਚ ਨਿਰੀ ਮੌਤ ਹਨ। ਬਿਨਾਂ ਇੰਡੀਕੇਟਰ ਜਾਂ ਰਿਫਲੈਕਟਰ ਦੇ ਤੂੜੀ ਦੀਆਂ ਜਾਂ ਗੰਨੇ ਦੀਆਂ ਲੱਦੀਆਂ ਟਰਾਲੀਆਂ ਨੇ ਸਾਰੀ ਸੜਕ ਰੋਕੀ ਹੁੰਦੀ ਹੈ। ਅਜੇਹੀਆਂ ਬੇਨਿਯਮੀਆਂ ਲਈ ਕੋਈ ਕਾਨੂੰਨ ਨਹੀਂ, ਕੋਈ ਚਲਾਨ ਨਹੀਂ। ਸੜਕਾਂ 'ਚ ਪਏ ਟੋਏ ਕਿੰਨੇ ਐਕਸੀਡੈਂਟਸ ਦਾ ਕਾਰਨ ਬਣਦੇ ਹਨ। ਟ੍ਰੈਫਿਕ ਪੁਲਿਸ ਕੁਝ ਖਾਸ ਥਾਵਾਂ ਤੇ ਨਾਕੇ ਲਾ ਕੇ ਖਾਨਾਪੂਰੀ ਕਰਨ ਲਈ ਜਾਂ ਆਪਣੀਆਂ ਜੇਬਾਂ ਭਰਨ ਲਈ ਚਲਾਨ ਕੱਟਦੀ ਹਨ। ਜੇ ਪੱਛਮੀਂ ਦੇਸ਼ਾਂ ਵਾਂਗ ਟ੍ਰੈਫਿਕ ਨਿਯਮ ਏਥੇ ਵੀ ਲਾਗੂ ਕੀਤੇ ਜਾਣ ਤਾਂ ਘੱਟੋ-ਘੱਟ 70-80 ਪ੍ਰਤੀਸ਼ਤ ਐਕਸੀਡੈਂਟ ਹੋਣੋ ਬਚ ਸਕਦੇ ਹਨ ਬਸ਼ਰਤੇ ਕਿ ਟ੍ਰੈਫਿਕ ਪੁਲਿਸ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਏ ਅਤੇ ਰਾਜਨੇਤਾ, ਟ੍ਰੈਫਿਕ ਪੁਲਿਸ ਦੇ ਕੰਮਾਂ ਵਿਚ ਦਖਲ ਨਾ ਦੇਣ।ਵਿਧਾਨ ਪਾਲਿਕਾ ਨੇ ਕਾਨੂੰਨ ਬਣਾਉਣੇ ਹਨ। ਕਾਰਜ ਪਾਲਿਕਾ ਨੇ ਕਾਨੂੰਨ ਲਾਗੂ ਕਰਨੇ ਹਨ ਅਤੇ ਨਿਆਂਪਾਲਿਕਾ ਨੇ ਫੈਸਲਾ ਕਰਨਾ ਹੈ ਕਿ ਕੌਣ ਕਾਨੂੰਨ ਤੋੜ ਰਿਹਾ ਹੈ। ਪਰ ਸਾਡੇ ਸਮੁੱਚੇ ਸਰਕਾਰੀ ਤੰਤਰ ਵਿਚ ਵਿਧਾਨ ਪਾਲਿਕਾ ਹੀ ਹਾਵੀ ਹੈ ਨਿਆਂਪਾਲਿਆ ਅਤੇ ਕਾਰਜ ਪਾਲਿਕਾ ਰਾਜਨੀਤਿਕ ਡੰਡੇ ਦੇ ਡਰ ਹੇਠ ਸਹਿਮੇ ਰਹਿੰਦੇ ਹਨ। ਪੱਛਮੀਂ ਦੇਸ਼ਾਂ ਵਾਂਗ ਜਦੋਂ ਕੋਈ ਐਕਸੀਡੈਂਟ ਹੁੰਦਾ ਹੈ, ਉਸਦੇ ਕਾਰਨਾਂ ਦੀ ਘੋਖ ਪੜਤਾਲ ਕੀਤੀ ਜਾਵੇ ਅਤੇ ਉਚੇਚੇ ਹੱਲ ਕੀਤੇ ਜਾਣ ਤਾਂ ਕਿ ਮੁੜ ਉਸੇ ਕਾਰਨ ਤੋਂ ਹਾਦਸਾ ਨਾ ਵਾਪਰੇ।

ਇਕ ਹੋਰ ਜ਼ਿੰਮੇਵਾਰੀ ਹੈ, ਸਾਡੀ ਆਮ ਲੋਕਾਂ ਦੀ, ਅਸੀਂ ਨਿਯਮਾਂ ਦੀ ਪਾਲਣਾ ਕਰਨਾ ਆਪਣੀ ਕਮਜ਼ੋਰੀ ਸਮਝਦੇ ਹਾਂ ਨਿਯਮਾਂ ਨੂੰ ਤੋੜਨਾ ਆਪਣੀ ਬਹਾਦਰੀ। ਸਾਨੂੰ ਸੜਕ ਸੁਚੱਜ ਸਿੱਖਣ ਦੀ ਲੋੜ ਹੈ। ਅਸੀਂ ਬੈਲਟ ਲਾਉਂਦੇ ਹਾਂ ਪੁਲਿਸ ਤੋਂ ਡਰਦਿਆਂ, ਆਪਣੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਨਹੀਂ। ਓਵਰਸਪੀਡ ਸਾਡਾ ਸ਼ੌਂਕ ਹੈ। ਹਾਦਸਿਆਂ ਦਾ ਇਕ ਹੋਰ ਬੜਾ ਵੱਡਾ ਕਾਰਨ ਹੈ- ਡਰਾਈਵਿੰਗ ਕਰਦਿਆਂ ਮੋਬਾਈਲ ਫੋਨ ਦੀ ਵਰਤੋਂ। ਜੋ ਕਿ ਬਹੁਤ ਹੀ ਘਾਤਕ ਹੈ, ਹੋਰ ਤੇ ਹੋਰ ਟੂ ਵੀਲਰ, ਮੋਟਰਸਾਈਕਲ ਅਤੇ ਸਕੂਟਰ ਚਲਾਉਂਦਿਆਂ ਵੀ ਫੋਨ ਤੇ ਗੱਲ ਕਰਦੇ, ਮੈਸੇਜ ਕਰਦੇ ਆਮ ਵੇਖੇ ਜਾਂਦੇ ਹਨ। ਸਾਨੂੰ ਅਜੇਹੀਆਂ ਗਲਤੀਆਂ ਤੋਂ ਪਰਹੇਜ਼ ਕਰਨ ਦੀ ਲੋੜ ਹੈ ਅਤੇ ਟ੍ਰੈਫਿਕ ਕੰਟਰੋਲ ਮਹਿਕਮੇਂ ਨੂੰ ਸਖਤ ਕਾਨੂੰਨ ਬਣਾਉਣ ਦੀ ਅਤੇ ਲਾਗੂ ਕਰਨ ਦੀ ਲੋੜ ਹੈ। ਵਾਰ-ਵਾਰ ਉਨ੍ਹਾਂ ਕਾਰਣਾਂ ਕਰਕੇ ਹੀ ਹਾਦਸੇ ਨਾ ਵਾਪਰਨ, ਕੁਝ ਸਾਰਥਕ ਹੱਲ ਕੀਤੇ ਜਾਣ। ਇਸ ਵਿਚ ਸਾਡੀ ਇਕ ਹੋਰ ਸੋਚ ਵੀ ਅੜਿੱਕਾ ਬਣਦੀ ਜਾਪਦੀ ਹੈ। ਅਸੀਂ ਆਖਦੇ ਹਾਂ ਕਿ ਇਹ ਤੇ ਬਹਾਨਾ ਬਣ ਗਿਆ, ਇਹ ਤੇ ਹੋਣਾ ਹੀ ਸੀ। ਹੋਣੀ ਨੇ ਸੜਕ ਤੇ ਗਊ ਨੂੰ ਅੱਗੇ ਲੈ ਆਂਦਾ, ਜੇ ਉਸਦੀ ਵਧੀ ਹੁੰਦੀ ਤੇ ਸੜਕ ਦੇ ਕੰਢੇ ਟਰੱਕ ਨਾ ਖੜਾ ਹੁੰਦਾ। ਪਰ ਇਹ ਸਾਡਾ ਸੜਕ ਕੁਚੱਜ ਹੈ। ਪੱਛਮੀਂ ਦੇਸ਼ਾਂ ਵਿਚ ਹੋਣੀ ਕਿਸੇ ਪਸ਼ੂ ਨੂੰ ਲਿਆ ਕੇ ਸੜਕ ਤੇ ਨਹੀਂ ਖਲਾਰਦੀ ਉੱਥੇ ਸਖਤ ਕਾਨੂੰਨ ਹੈ, ਹਾਈਵੇ ਤੇ ਸਾਈਡ ਤੇ ਵੀ ਕੋਈ ਗੱਡੀ, ਟਰੱਕ ਖੜਾ ਕਰ ਹੀ ਨਹੀਂ ਸਕਦਾ। ਅਸੀਂ ਆਪਣੀਆਂ ਗਲਤੀਆਂ ਨੂੰ ਸੁਧਾਰਨ ਦੀ ਜਗ੍ਹਾ ਸਾਰਾ ਦੋਸ਼ ਹੋਣੀ ਦਾ ਕੱਢਦੇ ਹਾਂ ਅਤੇ ਵਾਰ-ਵਾਰ ਉਹੋ ਗਲਤੀਆਂ ਦੁਹਰਾਉਂਦੇ ਹਾਂ। ਇਸਦੇ ਨਾਲ ਹੀ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਣ ਸਾਡੀ ਭੱਜ-ਦੌੜ ਵਾਲੀ, ਤੇਜ਼ ਅਤੇ ਹੋਰ ਤੇਜ਼ ਜੀਵਨ ਸ਼ੈਲੀ ਵੀ ਜ਼ਿੰਮੇਵਾਰ ਹੈ। ਸਾਡੀ ਜਿੰਦਗੀ ਚੋਂ ਰਹਾਉ, ਖਤਮ ਹੋ ਰਿਹਾ ਹੈ, ਠਹਿਰਾਉ ਨਹੀਂ, ਧੀਰਜ ਨਹੀਂ, ਦੂਸਰੇ ਨੂੰ ਪਛਾੜਨ ਦੀ, ਸਭ ਤੋਂ ਅੱਗੇ ਲੰਘਣ ਦੀ ਦੌੜ ਹੀ ਸਾਡੀਆਂ ਬਹੁਤ ਸਾਰੀਆਂ ਸਮਸਿਆਵਾਂ ਦਾ ਕਾਰਣ ਹੈ।

ਸਭ ਤੋਂ ਅੱਗੇ ਲੰਘਜਾਂ, ਸਭ ਨੂੰ ਚੀਰ ਲਿਤਾੜ ਕੇ
ਏਹੋ ਭੂਤ ਸਵਾਰ ਹੈ, ਹਰ ਇਕ ਕਾਰ ਸਵਾਰ ਤੇ।

– ਹਰਪਾਲ ਸਿੰਘ ਸੇਵਕ, ਸੰਪ: 94176-01321

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਹੋਰ ਜੀ ਜੇਹੜਾ ਗੁਰੂ ਜੀ ਦਾ ਹੁਕਮੁ ਹੈ ਸੋ ਸਮੇ ਸਮੇ ਸਿਰ ਸਭ ਹੁੰਦਾ ਆਇਆ ਹੈ ਸਹਿਜੇ ਈ। ਅਗੇ ਭਾਈ ਗੁਰੂ ਜਾਣੇ। ਪਿਛੇ ਤਾ ਪੂਰਾ ਹੁੰਦਾ ਆਇਆ ਹੈ, ਅਵ ਬੀ ਆਸ ਹੈ।

ਹੋਰ ਜੀ ਲੰਗਰ ਦੀ ਬਾਤ ਏਹੁ ਹੈ ਜਿਤਨਾ ਕੁਛ ਸਰੇ ਕਿਸੇ ਤੇ ਸੋ ਲੰਗਰ ਪਾਵੇ। ਗੁਰੂ ਜੀ ਸਰਬ ਦਾਨਾ ਤੇ ਉਪਰ ਅੰਨ ਦਾ ਦਾਨ ਬਡਾ ਲਿਖਾ ਹੈ ਸਾਖੀਆ ਮੈ। ਜੋ ਲੰਗਰ ਦੀ ਟਹਿਲ ਕਰੂਗਾ ਓਸਦਾ ਬਹੁਤ ਭਲਾ ਹਊਗਾ। ਸਤਿ ਕਰ ਮੰਨਣਾ। ਐਥੇ ਸਾਨੂ ਕੁਛ ਨਹੀ ਚਾਹੀਦਾ, ਰਾਮਦਾਸਪੁਰੇ ਲੰਗਰ ਪਾਓ। ਅਛਾ ਕਰਾ ਨਾ ਸਿਟਾ ਪਦਾਰਥ।

ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਅਸਟਰੇਲੀਆ ਸਿਡਨੀ ਵਿਖੇ

ਸਾਧ ਸੰਗਤ ਜੀ ਅੱਜ ਤੁਸੀਂ ਜਿਹੜੇ ਵੀ ਪਹਿਲਾਂ ਆਏ ਹੋਵੋਗੇ, ਨਾਮ ਸਿਮਰਨ ਵਿੱਚ ਯਾਦਵਿੰਦਰ ਸਿੰਘ ਤੋਂ ਕਥਾ ਸੁਣੀ ਹੈ, ਬਹੁਤ ਸੋਹਣਾ ਉਹਨਾਂ ਬਿਆਨ ਕੀਤਾ ਹੈ, ਕਿਸ ਕਰਕੇ ਨਾਮ ਜਪਣ ਦੀ ਲੋੜ ਹੈ, ਕਿਸ ਕਰਕੇ ਸਿੱਖੀ ਦੀ ਲੋੜ ਹੈ, ਕੀ ਸੁੱਖ ਮਿਲਦਾ ਹੈ ਨਾਮ ਜਪਿਆ ਅਤੇ ਨਾਮ ਜਪਕੇ ਕੌਣ-ਕੌਣ ਤਰਿਆ ਹੈ। ਇਹ ਦੁਨੀਆਂ ਜਿਹੜੀ ਪਰਮਾਤਮਾ ਨੇ ਬਣਾਈ ਹੈ ਇਹ ਕਿਵੇਂ ਚੱਲਦੀ ਹੈ? ਇਹ ਦੁਨੀਆਂ ਤ੍ਰਿਸ਼ਨਾ ਨਾਲ, ਮਾਇਆ ਨਾਲ ਚਲਦੀ ਹੈ। ਅੰਗਰੇਜ਼ੀ ਵਿੱਚ ਜਿਸਨੂੰ ਆਪਾਂ ਡਿਜ਼ਾਇਰ ਕਹਿ ਲਈਏ, ਡਿਜ਼ਾਇਰ ਨਾਲ ਚਲਦੀ ਹੈ। ਵੱਡਾ ਘਰ ਲੈਣ ਦੀ ਤ੍ਰਿਸਨਾ, ਵੱਡੀ ਗੱਡੀ ਲੈਣ ਦੀ ਤ੍ਰਿਸ਼ਨਾ, ਜਿਆਦਾ ਪੈਸਾ ਕਮਾਉਣ ਦੀ ਤ੍ਰਿਸਨਾ, ਇਹ ਸਮਝ ਕੇ ਚਲਦੀ ਹੈ ਕਿ ਜਿਆਦਾ ਪੈਸਾ ਆਉਣ ਨਾਲ, ਜਿਆਦਾ ਵੱਡੀ ਸਫਲਤਾ ਹੋਣ ਨਾਲ ਮੈਨੂੰ ਸੁਖ ਹੋ ਜਾਵੇਗਾ। ਉਸ ਤ੍ਰਿਸ਼ਨਾ ਦੇ ਮਗਰ ਲੱਗੇ ਰਹੀਦਾ ਹੈ, ਆਪਾਂ ਸਾਰੇ ਹੀ ਲੱਗੇ ਰਹੀਦਾ ਹੈ ਉਹ ਭੁਲੇਖਾ, ਉਹ ਮਾਇਆ, ਪਰਮਾਤਮਾ ਨੇ ਬਣਾਈ ਇਸ ਤਰ੍ਹਾਂ ਦੀ ਹੈ ਪਰ ਇਹ, ਜੇ ਆਪਾਂ ਅਨੈਲਸਿਸ ਕਰਕੇ ਦੇਖੀਏ, ਕੀ ਉਸ ਵਿੱਚੋਂ ਸੁੱਖ ਮਿਲਦਾ ਹੈ?

ਸੁੱਖ ਮਿਲ ਸਕਦਾ ਜੇ ਉਹਦੇ ਵਿੱਚ ਬੈਲੇਂਸ ਹੋਵੇ, ਬੜੀ ਵਾਰੀ ਮੈਂ ਅੱਗੇ ਵੀ ਗੱਲ ਕਰਦਾ ਹਾਂ ਕਿ ਅਸੀਂ ਆਪਣੇ ਮਨ ਵਿੱਚ ਸੋਚੀਦਾ ਹੈ, ਜੇ ਦੁਨੀਆਦਾਰੀ ਦੇ ਹਿਸਾਬ ਨਾਲ ਦੇਖੀਏ ਸ਼ਾਇਦ ਇਸ ਪਿਛਲੇ 20-30 ਸਾਲ ਦਾ ਕਾਰਪੋਰੇਟ ਦੁਨੀਆਂ ਵਿੱਚ ਸਭ ਤੋਂ ਸਫਲ ਬੰਦਾ ਕੌਣ ਹੋਇਆ ਹੈ? ਜਿਸ ਨੇ ਐਪਲ ਫੋਨ ਬਣਾਏ (ਸਟੀਬ ਜੋਬਸ) ਤੁਸੀਂ ਸਾਰਿਆਂ ਨੇ ਉਸਦਾ ਨਾਮ ਸੁਣਿਆਂ ਹੋਣਾ ਹੈ। ਉਸਦੀ ਬਾਇਓਗਰਾਫੀ ਪੜੀ ਤੇ ਇਸ ਤਰ੍ਹਾਂ ਲੱਗਾ ਕਿ ਉਸ ਤੋਂ ਵੱਡਾ ਦੁਖੀ ਕੋਈ ਨਹੀਂ। ਦੁਨੀਆਂ ਦਾ ਸਭ

Sri Satguru Jagjit Singh Ji Elibrary NamdhariElibrary@gmail.com

ਤੋਂ ਸੁਖੀ ਬੰਦਾ ਉਹ ਨਹੀਂ ਜਿਸਨੇ ਸਭ ਤੋਂ ਵੱਡੀ ਸਕਸੈੱਸ ਪਾ ਲਈ ਹੈ।

ਮੈਂ ਇਹ ਅਰਜ ਇਸ ਕਰਕੇ ਕਰਨੀ ਚਾਹੁੰਦਾ ਹਾਂ, ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ। ਜਿਨ੍ਹਾਂ ਨੇ ਸਾਨੂੰ ਇਹ ਰਾਹ ਦੱਸਿਆ ਕਿ ਇਹ ਮਾਇਆ ਵਿੱਚ ਰਹਿੰਦਿਆਂ ਹੋਇਆਂ, ਇਹ ਦੁਨੀਆਂ ਦਾਰੀ ਚਲਾਉਦਿਆਂ ਹੋਇਆਂ, ਇਹ ਗ੍ਰਿਸਤ ਵਿੱਚ ਰਹਿੰਦਿਆਂ ਹੋਇਆ ਵੀ ਆਪਾਂ ਉਸ ਦੇ ਨਾਲ ਐਨਾ ਅਟੈਚ ਨਹੀਂ ਹੋ ਜਾਣਾ ਕਿ ਉਹ ਮਾਇਆ ਜਾਂਦੀ ਵੀ ਸਾਨੂੰ ਦੁੱਖ ਦੇਵੇ ਤੇ ਆਉਂਦੀ ਵੀ ਦੁੱਖ ਦੇਵੇ। ਇਕ ਸ਼ਬਦ ਆਉਂਦਾ ਹੈ- " ਮਾਟੀ ਕੋ ਪੁਤਰਾ ਕੈਸੇ ਨਚਤੁ ਹੈ, ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ" ਜਦੋਂ ਕੁੱਛ ਮਿਲਦਾ ਹੈ ਉਦੋਂ ਹੰਕਾਰ ਹੋ ਜਾਂਦਾ ਹੈ "ਮਾਇਆ ਗਈ ਤਬ ਰੋਵਨੁ ਲਗਤੁ ਹੈ" ਜਦੋਂ ਗਰਬ ਹੋਣਾ ਹੈ, ਜਦੋਂ ਹੰਕਾਰ ਹੋਣਾ ਹੈ, ਫਿਰ ਜਦੋਂ ਕੋਈ ਚੀਜ਼ ਜਾਣੀ ਹੈ, ਫਿਰ ਉਸ ਦਾ ਦੁੱਖ ਵੀ ਹੋਣਾ ਹੈ। ਉਹ ਅਵਸਥਾ ਤਾਂ ਬਹੁਤ ਉੱਚੀ ਹੈ ਕਿਸੇ ਕਿਸੇ ਨੂੰ ਪ੍ਰਾਪਤ ਹੁੰਦੀ ਹੈ ਕਿ ਜਦੋਂ ਨਾ ਆਉਂਦੀ ਦੀ ਖੁਸ਼ੀ ਹੋਵੇ, ਨਾ ਜਾਂਦੀ ਦਾ ਦੁੱਖ ਹੋਵੇ। ਪਰ ਉਹ ਗੱਲਾਂ ਸੁਣਕੇ ਉਸ ਰਸਤੇ ਤੇ ਤੁਰਕੇ ਆਪਾਂ ਆਪਣੀ ਜਿੰਦਗੀ ਵਿੱਚ ਇਕ ਬੈਲੇਂਸ ਜਰੂਰ ਲਿਆ ਸਕਦੇ ਹਾਂ। ਮੈ ਇਹ ਤਾਂ ਅਰਜ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਰੇ ਆਪਣੇ ਦੇਸ਼ ਤੋਂ ਬੜੀ ਦੂਰ ਆਏ ਹੋ ਪਰ ਇੱਥੇ ਰਹਿ ਕੇ ਵੀ ਜੇ ਤੁਸੀਂ ਉਸ ਸਿੱਖੀ ਨਾਲ ਜੁੜੇ ਰਹੋਗੇ, ਨਾਮ ਨਾਲ ਜੁੜੇ ਰਹੋਗੇ, ਜੋ ਸਾਨੂੰ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਦਿੱਤਾ ਹੈ।

ਇਕ ਵਾਰੀ ਮੇਰਾ ਜੀ ਕਰਦਾ ਹੈ ਕਿ ਜਿਸ ਪਾਤਸ਼ਾਹ ਨੇ ਸਾਨੂੰ ਉਸ ਨਾਮ ਤੇ ਸਿੱਖੀ ਨਾਲ ਜੋੜ ਕੇ ਰੱਖਿਆ ਹੈ, ਇਕ ਵਾਰੀ ਬੜੇ ਪਿਆਰ ਨਾਲ ਉਹਨਾਂ ਨੂੰ ਯਾਦ ਕਰਦੇ ਹੋਏ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ। ਉਸ ਸੱਚੇ ਪਾਤਸ਼ਾਹ ਨੇ ਤੁਹਾਨੂੰ, ਜਿਹੜੇ ਤੁਸੀਂ ਨੇੜੇ ਰਹੇ ਹੋ, ਜਿਨ੍ਹਾਂ ਨੇ ਦੇਖਿਆ ਹੈ ਕਿ ਸਾਨੂੰ ਕਿਸੇ ਨੂੰ ਪਿਆਰ ਨਾਲ, ਕਿਸੇ ਨੂੰ ਝਿੜਕ ਕੇ, ਕਿਸ ਤਰ੍ਹਾਂ ਉਹ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੀ ਸਿੱਖੀ ਨਾਲ ਜੋੜ ਕੇ ਰੱਖਿਆ ਹੈ। ਮੈਂ ਇਕ ਬੜਾ ਛੋਟਾ ਜਿਹਾ ਸੁਨੇਹਾ ਤੁਹਾਨੂੰ ਦੇਣਾ ਚਾਹੁੰਦਾ ਹਾਂ ਕਿ ਇਹ ਸਾਰਾ ਕੁਝ ਕਰਦਿਆਂ ਹੋਇਆਂ ਉਸ ਸਿੱਖੀ ਨੂੰ ਨਾ ਭੁੱਲ ਜਾਇਓ। ਜੇ ਸਿੱਖੀ ਨਾਲ ਜੁੜੇ ਰਹੋਗੇ ਤੇ ਇਹ ਮਾਇਆ ਵੀ ਸੁੱਖ ਦੇਵੇਗੀ। ਮਾਇਆ ਵੀ ਦੁੱਖੀ ਨਹੀਂ ਕਰਦੀ। ਇਹ ਚੀਜਾਂ ਐਨੀ ਹੌਲੀ ਹੌਲੀ ਵਰਤਦੀਆਂ ਨੇ ਕਿ ਕੋਈ ਇਕ ਦਮ ਨਹੀਂ ਹੁੰਦਾ ਕਿ ਤੁਹਾਨੂੰ ਦੁੱਖ ਹੋਵੇ ਪਰ ਹੌਲੀ ਹੌਲੀ ਜਦੋਂ ਆਪਾਂ ਦੂਰ ਹੋ ਜਾਈਦਾ ਹੈ। ਫਿਰ ਦੁੱਖ ਦੇ ਥਾਂ ਬਣ ਜਾਂਦੇ ਨੇ। ਜਿੰਦਗੀ ਵਿੱਚ ਆਪਾਂ ਬੈਲੇਂਸ ਲੈ ਕੇ ਚੱਲੀਏ। ਬੈਲੇਂਸ ਕਿਸ ਤਰ੍ਹਾਂ ਹੋਵੇ? ਬੜਾ ਛੋਟਾ ਜਿਹਾ ਬੈਲੇਂਸ ਹੈ ਆਪਾਂ ਘਰੋਂ ਤੁਰਨ ਲੱਗਿਆਂ ਉਹ ਸਭ ਕੁਝ ਦੇਣ ਵਾਲੇ ਸਤਿਗੁਰੂ ਨੂੰ ਯਾਦ ਕਰ ਲਈਏ।

ਆਪਾਂ ਇਹ ਸੋਚੀਏ ਕਿ ਮੇਰਾ ਲੈਂਡਲਾਰਡ ਮੈਨੂੰ ਦੇਣ ਵਾਲਾ ਨਹੀਂ, ਮੇਰਾ ਅਫਸਰ ਮੈਨੂੰ ਦੇਣ ਵਾਲਾ ਨਹੀਂ, ਮੈਨੂੰ ਦੇਣ ਵਾਲਾ ਮੇਰਾ ਮਾਲਕ ਸਤਿਗੁਰੂ ਇਕ ਹੈ। ਕੀ ਮੈਂ 10 ਮਿੰਟ, 15 ਮਿੰਟ, ਅੱਧਾ ਘੰਟਾ, ਇਕ ਘੰਟਾ, ਉਸਨੂੰ ਯਾਦ ਕਰ ਸਕਦਾ ਹਾਂ। ਕੀ ਉਹ ਜਿਹੜਾ ਮੈਨੂੰ ਦਿੰਦਾ ਹੈ ਕੀ ਮੈਂ ਉਸਦੇ ਚਰਨਾਂ ਵਿੱਚ ਦਿਲੋਂ ਅਰਦਾਸ ਕਰ ਸਕਦਾ ਹਾਂ। ਪਾਤਸ਼ਾਹ ਤੂੰ ਮੈਨੂੰ ਆਹ ਸਾਰਾ ਕੁੱਝ ਸੁੱਖ ਦਿੱਤਾ ਹੈ, ਇਹ ਕਿਰਪਾ ਕਰੀਂ, ਤੂੰ ਮੈਨੂੰ ਭੁੱਲੇਂ ਨਾ ਕਦੀਂ ਤੁਹਾਨੂੰ ਕਿਸੇ ਨੇ ਛੋਟੀ ਜਹੀ ਚੀਜ਼ ਦਿੱਤੀ ਹੈ, ਤੁਹਾਨੂੰ ਇੱਥੋਂ ਦੇ ਕਲਚਰ ਵਿੱਚ ਕੋਈ ਥੱਲੇ ਡਿਗੀ ਚੀਜ਼ ਵੀ ਫੜਾ ਦਿੰਦਾ ਹੈ ਤੁਸੀਂ ਉਸ ਨੂੰ ਦੋ ਤਿੰਨ ਵਾਰ ਥੈਂਕਸ ਕਹਿੰਦੇ ਹੋ। ਜਿਸਨੇ ਇਹ ਜੀਵਨ ਦਿੱਤਾ, ਇਹ ਸੁੱਖ ਦਿੱਤਾ ਹੈ ਕੀ ਮੈਂ ਉਸਨੂੰ ਯਾਦ ਕਰ ਸਕਦਾ ਹਾਂ। ਕੀ ਸਾਨੂੰ ਇਹ ਵਿਸ਼ਵਾਸ ਹੈ ਕਿ ਜੇ ਸੱਚੇ ਪਾਤਸ਼ਾਹ ਨੇ ਹੁਕਮ ਕਰ ਦਿੱਤਾ ਹੈ ਕਿ "ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ" ਜਪੁਜੀ ਸਾਹਿਬ ਤੁਸੀਂ ਬਹੁਤੇ ਪੜਦੇ ਹੋ, ਸ਼ੁਰੂ 'ਚ ਹੀ ਸੱਚੇ ਪਾਤਸ਼ਾਹ ਹੁਕਮ ਕਰ ਦਿੱਤਾ ਹੈ। ਅਸੀਂ ਮੱਥਾ ਵੀ ਟੇਕਦੇ ਹਾਂ ਉਸ ਗੁਰਬਾਣੀ ਨੂੰ ਪਰ ਕੀ ਮੈਨੂੰ ਵਿਸ਼ਵਾਸ ਆਉਂਦਾ ਹੈ। ਜੇ ਵਿਸ਼ਵਾਸ ਆਉਂਦਾ ਹੈ ਤੇ ਕੀ ਮੈਂ ਉਸ ਦੇਣ ਵਾਲੇ ਲਈ ਘੰਟਾ ਕੱਢ ਲਵਾਂ।

ਸੱਚੇ ਪਾਤਸ਼ਾਹ ਦਾ ਹੁਕਮ ਇਕ ਘੰਟੇ ਦਾ ਹੈ। ਜੇ ਅਸੀਂ ਉਸਨੂੰ ਹਰ ਵੇਲੇ ਯਾਦ ਰੱਖੀਏ ਦੁੱਖ ਕਦੇ ਆਉਂਦਾ ਹੀ ਨਹੀਂ। ਉਸ ਦਿਨ ਸ਼ਬਦ ਪੜਿਆ ਸੀ ਇਹਨਾਂ "ਜਾ ਕੈ ਹਰਿ ਵਸਿਆ ਮਨ ਮਾਹੀ ਤਾ ਕਉ ਦੁਖੁ ਸੁਪਨੈ ਭੀ ਨਾਹੀ" ਜਿਸਦੇ ਮਨ ਵਿੱਚ ਦੇਣ ਵਾਲਾ ਹਰ ਵੇਲੇ ਯਾਦ ਰਹਿੰਦਾ ਹੈ ਉਸਨੂੰ ਦੁੱਖ ਹੁੰਦਾ ਹੀ ਨਹੀਂ। ਆਪਾਂ ਇਹ ਕੋਸ਼ਿਸ਼ ਕਰੀਏ ਜਿਨਾ ਹੋ ਸਕੇ ਆਪਣੇ

ਬੱਚਿਆਂ ਨੂੰ ਇਸ ਦੇ ਨਾਲ ਜੋੜੀਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਕਿੰਨੀ ਪ੍ਰੈਕਟੀਕਲ ਗੱਲ ਕਹੀ ਹੈ ਸੱਚੇ ਪਾਤਸ਼ਾਹ ਹੁਕਮ ਕਰਦੇ ਸੀ ਕਿ ਤੁਹਾਡੀ ਪ੍ਰੀਉਰਿਟੀ ਕੀ ਹੈ? ਆਪਣੀਆਂ ਪ੍ਰੀਉਰਿਟੀਸ ਗਲਤ ਹੋ ਜਾਂਦੀਆ ਨੇ। ਤੁਹਾਡੇ ਮਨ ਵਿੱਚ ਹੁੰਦਾ ਹੈ, ਮੇਰਾ ਬੱਚਾ ਮੇਰੇ ਨਾਲੋਂ ਜਿਆਦਾ ਪੜੇ, ਮੇਰਾ ਬੱਚਾ ਮੇਰੇ ਨਾਲੋਂ ਜਿਆਦਾ ਪੈਸੇ ਕਮਾਵੇ, ਮੇਰਾ ਬੱਚਾ ਮੇਰੇ ਨਾਲੋਂ ਜਿਆਦਾ ਸੁਖੀ ਹੋਵੇ। ਕੀ ਥੋੜਾ ਜਿਹਾ ਆਪਾਂ ਇਹ ਵੀ ਕਦੇ ਸੋਚਦੇ ਹਾਂ ਕਿ ਮੇਰਾ ਬੱਚਾ ਮੇਰੇ ਨਾਲੋਂ ਵਧੀਆ ਸਿੱਖ ਹੋਵੇ, ਮੇਰਾ ਬੱਚਾ ਮੇਰੇ ਨਾਲੋਂ ਜਿਆਦਾ ਨਾਮ ਜਪੇ, ਮੇਰਾ ਬੱਚਾ ਅਧਿਆਤਮਵਾਦ ਵੱਲ ਮੇਰੇ ਨਾਲੋਂ ਅੱਗੇ ਹੋਵੇ, ਉਹਨੂੰ ਜਿਆਦਾ ਸਮਝ ਹੋਵੇ ਤਾਂ ਕਿ ਉਹ ਸੁਖੀ ਰਹਿ ਸਕੇ। ਆਪਾਂ ਉਸਦੇ ਸੁੱਖ ਵਾਸਤੇ ਕਰਦੇ ਹਾਂ ਪਰ ਸੁੱਖ ਦੇਣ ਵਾਲੀ ਚੀਜ ਨੂੰ ਆਪਾਂ ਭੁੱਲ ਜਾਂਦੇ ਹਾਂ। ਇਸ ਕਰਕੇ ਭੁੱਲ ਜਾਂਦੀ ਹੈ ਕਿ ਅਸੀਂ ਮਾਇਆ ਵਿੱਚ ਗ੍ਰਸਤ ਹੋ ਜਾਂਦੇ ਹਾਂ। ਉਸਦੀ ਬਣਾਈ ਹੋਈ ਮਾਇਆ ਹੈ ਉਹ ਦੇਣ ਵਾਲਾ ਭੁੱਲ ਜਾਂਦਾ ਹੈ, ਉਸਦੀ ਦਾਤ ਵਿੱਚ ਆਪਾਂ ਗ੍ਰਸਤ ਹੋ ਜਾਂਦੇ ਹਾਂ। ਬੜੀ ਚੰਗੀ ਤਰ੍ਹਾਂ ਆਪਾਂ ਯਾਦ ਰੱਖੀਏ, ਇਕ ਦੂਜੇ ਨੂੰ ਯਾਦ ਕਰਾਇਆ ਕਰੀਏ, ਕੋਸ਼ਿਸ਼ ਕਰਿਆ ਕਰੋ ਜੇ ਇੱਥੇ ਹਰ ਹਫਤੇ ਨਾਮ ਸਿਮਰਨ ਹੁੰਦਾ ਹੈ, ਉਸ ਨਾਮ ਸਿਮਰਨ ਵਿੱਚ ਆ ਜਾਇਆ ਕਰੋ। ਕੰਮ ਛੱਡ ਕੇ ਵੀ ਆਇਆ ਕਰੋ ਨਾਮ ਸਿਮਰਨ ਵਿੱਚ ਸਾਧ ਸੰਗਤ ਵਿੱਚ ਆਇਆਂ ਕਦੀ ਨੁਕਸਾਨ ਨਹੀਂ ਹੁੰਦਾ। ਸਾਧ ਸੰਗਤ ਵੱਲ ਪੈਸਾ ਲਾਇਆਂ ਕਦੀ ਨੁਕਸਾਨ ਨਹੀਂ ਹੁੰਦਾ, ਉਹ ਤੁਹਾਨੂੰ ਫਾਇਦਾ ਹੀ ਹੋਏਗਾ। ਤੁਹਾਡੇ ਬੱਚੇ, ਤੁਹਾਡੀ ਅਗਲੀ ਜਨਰੇਸ਼ਨ ਬਚ ਜਾਵੇਗੀ। ਜੇ ਕਦੇ ਇੱਥੇ ਨਹੀਂ ਆਇਆ ਜਾਂਦਾ, ਘਰ ਵਿੱਚ ਵੀ 10 ਜੀਅ ਇਕੱਠੇ ਹੋ ਕੇ ਬਹਿ ਗਏ। ਉਹ ਵੀ ਤੁਹਾਡੀ ਸਾਧ ਸੰਗਤ ਹੈ। ਸਿਮਰਨ ਕਰਨ ਵੇਲੇ ਕਿਤੇ ਉਪਦੇਸ਼ ਲਾ ਲਿਆ, ਕਿਤੇ ਕਥਾ ਲਾ ਲਈ, ਉਸ ਪਾਸੇ ਦੀ ਕੋਈ ਗੱਲ ਸੁਣ ਲਈ, ਬੱਚਿਆਂ ਨੂੰ ਅਰਦਾਸ ਸਿਖਾ ਲਈ, ਉਸ ਚੀਜ ਨੂੰ ਜਰੂਰੀ ਸਮਝੋ। ਉਹ ਚੀਜਾਂ ਸੁਖ ਦੇਣ ਵਾਲੀਆਂ ਨੇ।

ਮੈਂ ਉਹ ਗੱਲ ਦੁਹਰੌਣੀ ਚਾਹੁੰਦਾ ਹਾਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਹੁਕਮ ਹੈ ਕਿ ਸੂਰਜ ਚੜਨ ਵੇਲੇ ਨਾ ਸੌਂਇਆ ਕਰੋ, ਅੰਮ੍ਰਿਤ ਵੇਲੇ ਦਾ ਉੱਠਣਾ ਨਾ ਛੱਡੋ, ਸੂਰਜ ਚੜਨ ਤੋਂ ਪਹਿਲਾਂ ਇਸ਼ਨਾਨ ਜਰੂਰ ਕਰ ਲਿਆ ਕਰੋ। ਇਕ ਘੰਟਾ ਨਾਮ ਸਿਮਰਨ ਜਰੂਰ ਕਰਿਆ ਕਰੋ। ਜੋ ਵੀ ਕਰ ਸਕਣ, ਪੰਜ ਬਾਣੀਆਂ ਦਾ ਪਾਠ ਜਰੂਰ ਕਰਿਆ ਕਰੋ।

ਇਕ ਮੈਂ ਹੋਰ ਚੀਜ਼ ਕਹਿਣੀ ਚਾਹੁੰਦਾ ਹਾਂ ਆਪਣੀ ਸਿੱਖੀ ਨਾਲ ਜੁੜਨ ਵਾਸਤੇ ਪੰਜਾਬੀ ਤੋਂ ਦੂਰ ਨਾ ਹੋਵੋ। ਕਈ ਮੇਰੇ ਵੀਰ, ਜਿੰਨ੍ਹਾਂ ਨੂੰ ਅੰਗਰੇਜ਼ੀ ਘੱਟ ਆਉਂਦੀ ਹੈ। ਉਹ ਇਸ ਚਾਅ ਨਾਲ ਹੀ ਘਰ 'ਚੋਂ ਪੰਜਾਬੀ ਕੱਢ ਦਿੰਦੇ ਨੇ ਕਿ ਬੱਚਿਆਂ ਨਾਲ ਅੰਗਰੇਜ਼ੀ ਬੋਲੀਏ, ਪਤਾ ਨਹੀਂ ਅੰਗਰੇਜ਼ੀ ਕਿੰਨੀ ਕੁ ਚੰਗੀ ਚੀਜ਼ ਹੈ। ਆਪਣੇ ਵਿਰਸੇ ਨਾਲੋਂ ਨਾ ਟੁੱਟ ਜਾਇਓ। ਇਹ ਨਾ ਭੁੱਲਿਓ ਇਹ ਜੁਬਾਨ ਉਹ ਹੈ ਜਿਦ੍ਹੇ 'ਚ ਸਾਡੇ ਸਾਰੇ ਗੁਰੂਆਂ ਨੇ ਗੁਰਬਾਣੀ ਉਚਾਰੀ ਹੈ। ਜਿਸ ਭਾਸ਼ਾ ਨਾਲ ਸਾਡੇ ਗੁਰੂਆਂ ਨੇ ਸਾਨੂੰ ਜੋੜਿਆ ਹੈ। ਤੁਸੀਂ ਜਿਨੀਆਂ ਮਰਜੀ ਬੋਲੀਆਂ ਸਿੱਖੋਂ, ਪਰ ਸਾਰਿਆਂ ਤੋਂ ਪਹਿਲਾਂ ਆਪਣੀ ਮਾਂ ਬੋਲੀ ਸਿੱਖੋ। ਉਸ ਨਾਲ ਰਹਿ ਕੇ ਆਪਾਂ ਆਪਣੇ ਵਿਰਸੇ ਨਾਲ ਜੁੜੇ ਰਹਾਂਗੇ। ਆਪਾਂ ਆਪਣੀ ਗੁਰਬਾਣੀ ਨਾਲ ਜੁੜੇ ਰਹਾਂਗੇ। ਇਹ ਇਕ ਅਪਣੱਤ ਸਮਝ ਕੇ, ਮੇਰੀ ਇਹ ਨੌਕਰੀ ਵੀ ਹੈ, ਇਹ ਸਮਝ ਕੇ ਤੁਹਾਨੂੰ ਸਾਰਿਆਂ ਨੂੰ ਅਰਜ ਕੀਤੀ ਹੈ। ਸੱਚੇ ਪਾਤਸ਼ਾਹ ਹੁਕਮ ਕਰਦੇ ਸੀ ਗੱਲਾਂ ਸੁਣਨ ਨਾਲੋਂ ਮੰਨਣ ਤੇ ਜਿਆਦਾ ਜੋਰ ਦਈਏ। ਆਪਾਂ ਉਸ ਲਾਈਫ 'ਚ ਇਸ ਚੀਜ਼ ਨੂੰ ਪਰੈਕਟੀਕਲ ਕਰਨ ਤੇ ਜੋਰ ਦਈਏ। ਐਨੀ ਅਰਜ ਕਰਕੇ ਤੁਹਾਡੇ ਤੋਂ ਆਗਿਆਂ ਲੈਂਦਾ। ਸੰਗਤ ਦਾ, ਤੁਹਾਡੇ ਸਾਰਿਆਂ ਦਾ, ਤੁਸੀਂ ਇੱਥੇ ਆਉਂਦੇ ਰਹੇ ਹੋ ਰੋਜ, ਕੱਲ ਨੂੰ ਵੀ ਆਉਣਾ ਹੈ ਤੁਹਾਡਾ ਸਾਰਿਆਂ ਦਾ ਧੰਨਵਾਦ ਵੀ ਕਰਦਾ ਹਾਂ।

ਸਤਿ ਸ੍ਰੀ ਅਕਾਲ।

ਕ੍ਰਾਂਤੀ ਦਰਸ਼ੀ ਸਨ ਗੁਰੂ ਹਰਿਗੋਬਿੰਦ

ਡਾ.ਮਹੀਪ ਸਿੰਘ

ਇਤਿਹਾਸ ਵਿਚ ਅਜਿਹੇ ਅਵਸਰ ਕਦੀ-ਕਦੀ ਆਉਂਦੇ ਹਨ, ਜਿਨ੍ਹਾਂ ਵਿਚ ਵਾਪਰੀਆਂ ਘਟਨਾਵਾਂ ਸਮੇਂ ਦਾ ਰੁਖ ਬਦਲ ਦਿੰਦੀਆਂ ਹਨ। ਨਸਲਾਂ, ਰਾਸ਼ਟਰਾਂ, ਧਰਮਾਂ ਦੇ ਇਤਿਹਾਸ ਵਿਚ ਅਜਿਹੇ ਅਵਸਰ ਜਦੋਂ ਵੀ ਆਏ ਹਨ ਉਨ੍ਹਾਂ ਨੇ ਨਾ ਕੇਵਲ ਇਤਿਹਾਸ ਦੀ ਗਤੀ ਬਦਲੀ ਹੈ, ਸਗੋਂ ਆਪਣੀ ਹੋਂਦ ਤੇ ਵਕਾਰ ਨੂੰ ਨਵੀਂ ਪਛਾਣ ਦਿੱਤੀ ਹੈ। ਭਲਾ ਸੋਚੀਏ ਕਿ ਜੇ ਕਲਿੰਗ ਦਾ ਜੁੱਧ ਨਾ ਹੋਇਆ ਹੁੰਦਾ, ਸਮਰਾਟ ਅਸ਼ੋਕ ਨੇ ਉਹ ਵਿਆਪਕ ਕਤਲੇਆਮ ਆਪਣੀਆਂ ਅੱਖਾਂ ਨਾਲ ਨਾ ਵੇਖਿਆ ਹੁੰਦਾ ਤਾਂ ਕੀ ਬੁੱਧ ਦਾ ਸੁਨੇਹਾ ਇੰਨਾ ਵਿਸ਼ਵ ਵਿਆਪੀ ਹੋਇਆ ਹੁੰਦਾ? ਕੀ ਬੁੱਧ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਅੱਜ ਦੁਨੀਆਂ ਵਿਚ ਕਰੋੜਾਂ ਵਿਚ ਹੁੰਦੀ? ਇਸੇ ਤਰ੍ਹਾਂ ਜੇ ਈਸਾ ਨੂੰ ਸੂਲੀ 'ਤੇ ਨਾ ਚੜ੍ਹਾਇਆ ਗਿਆ ਹੁੰਦਾ, ਜਾਂ ਕਰਬਲਾ ਦੇ ਮੈਦਾਨ ਵਿਚ ਹੁਸੈਨ ਦੀ ਸ਼ਹਾਦਤ ਨਾ ਹੋਈ ਹੁੰਦੀ ਤਾਂ ਕੀ ਈਸਾਈ ਅਤੇ ਇਸਲਾਮ ਧਰਮਾਂ ਦਾ ਉਹੋ ਰੂਪ ਹੁੰਦਾ ਜਿਹੜਾ ਅੱਜ ਹੈ?

ਗੁਰੂ ਅਰਜਨ ਦੀ ਸ਼ਹਾਦਤ ਵੀ ਇਤਿਹਾਸ ਦੀ ਇਕ ਉਸੇ ਤਰ੍ਹਾਂ ਦੀ ਬੜੀ ਅਹਿਮ ਘਟਨਾ ਸੀ ਜਿਸਨੇ ਗੁਰੂ ਨਾਨਕ ਦੁਆਰਾ ਸਥਾਪਿਤ ਅਤੇ ਉਨ੍ਹਾਂ ਪਿਛੋਂ ਆਉਣ ਵਾਲੇ ਤਿੰਨ ਗੁਰੂ ਸਾਹਿਬਾਨ – ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਦੁਆਰਾ ਪ੍ਰਚਾਰੀ ਤੇ ਵਿਗਸਾਈ ਸਿਖ ਲਹਿਰ ਨੂੰ ਉਸ ਮੋੜ 'ਤੇ ਲਿਆ ਕੇ ਖੜਾ ਕਰ ਦਿੱਤਾ, ਜਿਹੜਾ ਪੂਰੀ ਤਰ੍ਹਾਂ ਨਿਰਣਾਇਕ ਸੀ।

ਜਿਸ ਯੁੱਗ ਵਿਚ ਗੁਰੂ ਨਾਨਕ ਦਾ ਜਨਮ ਹੋਇਆ ਸੀ, ਉਸ ਵਿਚ ਇਸ ਦੇਸ਼ ਦੇ ਦੱਖਣੀ ਖੇਤਰ ਵਿਚ ਉੱਭਰੀ ਹੋਈ ਭਗਤੀ ਦੀ ਲਹਿਰ ਉੱਤਰ ਭਾਰਤ ਵਿਚ ਵੀ ਪੂਰੀ ਤਰ੍ਹਾਂ ਵਿਆਪਤ ਹੋ ਚੁੱਕੀ ਸੀ। ਇਹ ਲਹਿਰ ਵੀ ਦੋ ਮੁਖੀ ਹੋ ਕੇ ਵਗ ਰਹੀ ਸੀ। ਇਸਦਾ ਇਕ ਮੁੱਖ ਪ੍ਰਭੂ ਸਿਮਰਨ ਵਿਚ ਇਸ ਤਰ੍ਹਾਂ ਲੀਨ ਸੀ ਕਿ ਉਸਦੀ ਚਿੰਤਾ ਦਾ ਇੱਕੋ-ਇੱਕ ਨਿਸ਼ਾਨਾ 'ਪਰਲੋਕ' ਸੀ। ਸੰਸਾਰ ਉਸਨੂੰ ਪੂਰੀ ਤਰ੍ਹਾਂ ਮਿਥਿਆ ਵਿਖਾਈ ਦਿੰਦਾ ਸੀ ਅਤੇ 'ਇਹ ਲੋਕ' ਦਾ ਹਰ ਕੰਮ ਉਸਨੂੰ ਮਾਇਆ ਦਾ ਝੂਠਾ ਪਸਾਰ ਨਜ਼ਰ ਆਉਂਦਾ ਸੀ। ਸੰਸਾਰ ਅਤੇ ਸੰਸਾਰ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਹੋ ਜਾਣਾ ਆਮ ਲੋਕਾਂ ਲਈ ਉਸਦਾ ਮੁੱਖ ਸੰਦੇਸ਼ ਸੀ।

ਭਗਤੀ ਧਾਰਾ ਦਾ ਦੂਜਾ 'ਮੁੱਖ' ਪ੍ਰਭੂ ਸਿਮਰਨ ਨੂੰ ਸੰਸਾਰ ਨਾਲੋਂ ਤੋੜ ਕੇ ਨਹੀਂ ਵੇਖਦਾ ਸੀ। ਸੰਸਾਰੀ ਜ਼ਿੰਮੇਵਾਰੀਆਂ ਅਤੇ ਸਮਾਜਿਕ ਸਰੋਕਾਰਾਂ ਬਾਰੇ ਉਹ ਪੂਰੀ ਤਰ੍ਹਾਂ ਸੁਚੇਤ ਸੀ। ਉੱਚੇ ਮਨੋਰਥਾਂ ਨਾਲ ਭਰੀ, ਅਨਿਆਂ-ਅਨੀਤੀ ਅਤੇ ਅਸਮਾਨਤਾ ਦੇ ਵਿਰੁੱਧ ਸੰਘਰਸ਼ਪੂਰਨ ਜੀਵਨ-ਸ਼ੈਲੀ ਉਸਨੂੰ ਰੱਬੀ ਕੰਮ ਹੀ ਲੱਗਦੀ ਸੀ। ਗੁਰੂ ਨਾਨਕ ਦੀ ਭਗਤੀ ਧਾਰਾ ਇਸੇ ਤਰ੍ਹਾਂ ਦੀ ਸੀ। ਅਜਿਹੀ ਭਗਤੀ ਧਾਰਾ ਜਿਸ ਜੀਵਨ ਜਾਚ ਨੂੰ ਉਸਾਰਦੀ ਹੈ ਉਸ ਵਿਚ ਲੋਕ ਸੰਗ੍ਰਹਿ ਦੀ ਭਾਵਨਾ ਸਰਵ ਪ੍ਰਮੁੱਖ ਹੁੰਦੀ ਹੈ। ਇਸੇ ਭਾਵਨਾ ਕਰਕੇ ਗੁਰੂ ਨਾਨਕ ਵੱਲੋਂ ਦੱਸੇ ਰਾਹ ਵਿਚ 'ਸੰਗਤ ਤੇ ਪੰਗਤ' ਦਾ ਸੰਕਲਪ ਇੰਨਾ ਮਹੱਤਵਪੂਰਣ ਹੋ ਗਿਆ ਸੀ।

ਜਿਹੜੀ ਵੀ ਲਹਿਰ ਲੋਕ-ਸੰਗ੍ਰਹਿ ਨੂੰ ਆਪਣੀ ਕਾਰਜ ਸ਼ੈਲੀ ਦਾ ਆਧਾਰ ਬਣਾਏਗੀ ਅਤੇ ਲੋਕ ਜੀਵਨ ਵਿਚ ਕੁਝ ਨਿਯਮਿਤ ਤੇ ਜਥੇਬੰਦਕ ਅਮਲਾਂ ਨੂੰ ਅਹਿਮੀਅਤ ਦੇਣੀ ਸ਼ੁਰੂ ਕਰੇਗੀ ਉਹ ਹੌਲੀ-ਹੌਲੀ ਆਪਣੇ ਵੇਲੇ ਦੀਆਂ ਹਕੂਮਤਾਂ ਤੇ ਦੂਜੇ ਸਥਾਪਿਤ ਨਿਜ਼ਾਮਾਂ ਦਾ ਧਿਆਨ ਆਪਣੇ ਵੱਲ ਖਿੱਚਣ ਦਾ ਕੰਮ ਕਰੇਗੀ। ਅਜਿਹੇ ਨਿਜ਼ਾਮ ਆਰੰਭ ਵਿਚ ਅਜਿਹੀਆਂ ਲਹਿਰਾਂ ਨੂੰ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ, ਫਿਰ ਉਹ ਉਸ ਪ੍ਰਤੀ ਸਰਪ੍ਰਸਤੀ ਭਰਿਆ ਰਵੱਈਆ ਅਪਣਾ ਕੇ ਉਸਨੂੰ ਆਪਣੇ ਅਨੁਕੂਲ ਕਰਨਾ ਚਾਹੁੰਦੇ ਹਨ। ਜੇ ਇਹ ਲਹਿਰ ਵਧੇਰੀ ਲੋਕ ਪ੍ਰਿਅ ਹੁੰਦੀ ਨਜ਼ਰ ਆਵੇ ਤਾਂ ਉਸ ਪ੍ਰਤੀ ਉਨ੍ਹਾਂ ਦੇ ਮਨ ਵਿਚ ਸ਼ੱਕ ਤੇ ਡਰ ਜਨਮ ਲੈਣੇ ਸ਼ੁਰੂ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਮੌਕਾ ਮਿਲਦੇ ਹੀ ਹਕੂਮਤਾਂ ਤੇ ਦੂਜੀਆਂ ਵਿਵਸਥਾਵਾਂ ਉਸ 'ਤੇ ਅੰਕੁਸ਼ ਲਗਾਉਣ ਦਾ ਯਤਨ ਕਰਦੀਆਂ ਹਨ, ਦਮਨ ਚੱਕਰ ਸ਼ੁਰੂ ਹੋ ਜਾਂਦਾ ਹੈ ਅਤੇ ਫਿਰ ਸਿੱਧੇ ਟਕਰਾਉ ਦੀ ਨੌਬਤ ਆ ਜਾਂਦੀ ਹੈ।

ਸਿੱਖ ਲਹਿਰ ਦੇ ਨਾਲ ਵੀ ਇੰਜ ਹੀ ਹੋਇਆ। ਗੁਰੂ ਨਾਨਕ ਨੇ ਜਿਨ੍ਹਾਂ ਆਦਰਸ਼ਾਂ ਤੇ ਮੰਤਵਾਂ ਨੂੰ ਲੋਕਾਂ ਦੇ ਸਾਹਮਣੇ ਰੱਖਿਆ ਸੀ, ਸਭ ਤੋਂ ਪਹਿਲਾਂ ਉਸਨੇ ਹਿਤਾਈ ਵਿਵਸਥਾ ਨੂੰ ਪਰੇਸ਼ਾਨ ਕੀਤਾ ਸੀ ਜਿਸਨੇ ਅੰਧ ਵਿਸ਼ਵਾਸ, ਜਾਤ-ਪਾਤ, ਊਚ-ਨੀਚ ਅਤੇ ਹੋਰ ਬੇਅਰਥ ਹੋ ਚੁੱਕੀਆਂ ਮਾਨਤਾਵਾਂ ਨੂੰ ਆਪਣਾ ਆਧਾਰ ਬਣਾਇਆ ਹੋਇਆ ਸੀ। ਗੁਰੂ ਨਾਨਕ ਨੇ

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਸਾਰਿਆਂ ਤੇ ਪ੍ਰਸ਼ਨ ਚਿਹਨ ਲਗਾ ਦਿੱਤੇ-ਜੰਞੂ ਕਿਉਂ ਪਾਵਾਂ? ਪੂਰਬ ਵੱਲ ਮੂੰਹ ਕਰਕੇ ਸੂਰਜ ਨੂੰ ਜਲ ਕਿਉਂ ਦਿਆਂ? ਪਰਲੋਕ ਵਿਚ ਵੱਸਣ ਵਾਲੇ ਪਿਤਰਾਂ ਲਈ ਕੀਤਾ ਗਿਆ ਤਰਪਨ ਕੀ ਸੱਚਮੁੱਚ ਉਨ੍ਹਾਂ ਨੂੰ ਲਾਭ ਪਹੁੰਚਾਂਦਾ ਹੈ? ਮਸੀਤ ਵਿਚ ਨਮਾਜ਼ ਪੜ੍ਹਾਉਣ ਵਾਲੇ ਇਮਾਮ ਦਾ ਦਿਲ ਕੀ ਸਚਮੁਚ ਨਮਾਜ਼ ਵਿਚ ਹੁੰਦਾ ਹੈ? ਵਰਗੇ ਅਨੇਕ ਪ੍ਰਸ਼ਨਾਂ ਨੇ ਪ੍ਰੋਹਿਤ ਤਬਕੇ ਨੂੰ ਵਿਆਕੁਲ ਕਰ ਦਿੱਤਾ।

ਗੁਰੂ ਨਾਨਕ ਨੇ ਤਤਕਾਲੀਨ ਸ਼ਾਸਨ-ਵਿਵਸਥਾ 'ਤੇ ਵੀ ਸਖ਼ਤ ਟਿੱਪਣੀਆਂ ਕੀਤੀਆਂ ਸਨ, ਜਿਸ ਨਾਲ ਉਹ ਵਿਵਸਥਾ ਵੀ ਚੁਕੰਨੀ ਹੋਈ ਹੋਵੇਗੀ।

ਫਿਰ ਕਿਰਪਾ ਤੇ ਸਰਪ੍ਰਸਤੀ ਦਾ ਦੌਰ ਸ਼ੁਰੂ ਹੋਇਆ। ਪ੍ਰੋਹਿਤ ਵਰਗ ਦੇ ਸੁਆਰਥਾਂ ਦੀ ਰਾਖੀ ਕਰਨ ਵਾਲੇ ਮਲਿਕ ਭਾਗੋ ਨੇ ਗੁਰੂ ਨਾਨਕ ਨੂੰ ਬ੍ਰਹਮ ਭੋਜ ਲਈ ਸੱਦਾ ਭੇਜਿਆ, ਪਰ ਗੁਰੂ ਸਾਹਿਬ ਪ੍ਰਾਹੁਣੇ ਬਣੇ ਗ਼ਰੀਬ ਕਿਰਤੀ ਭਾਈ ਲਾਲੋ ਦੇ। ਹਮਾਯੂੰ ਗੁਰੂ ਅੰਗਦ ਕੋਲ ਆਇਆ, ਪਰ ਧਿਆਨ ਮਗਨ ਗੁਰੂ ਸਾਹਿਬ ਨੇ ਉਸਨੂੰ ਗੌਲਿਆ ਹੀ ਨਹੀਂ। ਅਕਬਰ ਗੁਰੂ ਅਮਰਦਾਸ ਦੇ ਕੋਲ ਆਇਆ। ਉਹ ਲੰਗਰ ਲਈ ਚੋਖੀ ਧਨ-ਸੰਪਤੀ ਦੇਣੀ ਚਾਹੁੰਦਾ ਸੀ, ਪਰ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ-ਲੰਗਰ ਤਾਂ ਸਿੱਖਾਂ ਦੇ ਸੇਵਾ ਭਾਵ ਦਾ ਪ੍ਰਤੀਕ ਹੈ, ਇਸਨੂੰ ਧਨਾਢਾਂ ਅਤੇ ਬਾਦਸ਼ਾਹਾਂ ਦੀ ਕਿਰਪਾ ਤੇ ਸਰਪ੍ਰਸਤੀ ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਫਿਰ ਵੀ ਅਕਬਰ ਗੁਰੂ-ਪੁੱਤਰੀ ਬੀਬੀ ਭਾਨੀ ਨੂੰ ਆਪਣੀ ਧੀ ਆਖ ਕੇ ਕੁਝ ਜ਼ਮੀਨ ਦੇ ਗਿਆ।

ਪਰ ਇਹ ਲਹਿਰ ਤਾਂ ਅੱਗੇ ਵੱਧਦੀ ਹੀ ਗਈ। ਇਸਦੇ ਪ੍ਰਭਾਵ ਖੇਤਰ ਦਾ ਵਿਸਥਾਰ ਹੁੰਦਾ ਗਿਆ। ਇਸਦੇ ਕਲਾਵੇ ਵਿਚ ਹਿੰਦੂ-ਮੁਸਲਮਾਨ ਦੋਵੇਂ ਹੀ ਆ ਰਹੇ ਸਨ ਅਤੇ ਵੱਡੇ-ਵੱਡੇ ਸ਼ਾਹਜਾਦੇ ਇੱਥੇ ਆ ਕੇ ਦੁਆਵਾਂ ਮੰਗਣ ਲੱਗ ਪਏ ਸਨ।

ਇਹ ਵੇਖ ਕੇ ਸ਼ਾਸਨ-ਵਿਵਸਥਾ ਸ਼ੰਕਾਵਾਂ ਨਾਲ ਭਰ ਕੇ ਚਿੰਤਾਵਾਨ ਹੋ ਉੱਠੀ। ਜਹਾਂਗੀਰ ਆਪਣੀ ਸਵੈ ਜੀਵਨੀ "ਤੁਜ਼ਕੇ ਜਹਾਂਗੀਰੀ" ਵਿਚ ਲਿਖਦਾ ਹੈ ਕਿ ਤਿੰਨ-ਚਾਰ ਪੀੜੀਆਂ ਤੋਂ ਇਹ ਕੰਮ ਚਲ ਰਿਹਾ ਸੀ...ਮੈਂ ਹੁਕਮ ਦਿੱਤਾ ਕਿ ਉਸਨੂੰ (ਗੁਰੂ ਅਰਜਨ ਨੂੰ) ਹਾਜ਼ਿਰ ਕੀਤਾ ਜਾਏ, ਉਸਦੇ ਘਰ-ਦੁਆਰ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਸਪੁਰਦ ਕਰ ਦਿੱਤਾ ਜਾਏ, ਉਸਦੀ ਧਨ-ਸੰਪਤੀ ਜਪਤ ਕੀਤੀ ਜਾਏ ਅਤੇ ਮੈਂ ਆਗਿਆ ਦਿੱਤੀ ਕਿ ਉਸਨੂੰ ਡਰਾਉਣ, ਮਾਰਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਜਾਨੋਂ ਮਾਰ ਦੇਣ।

ਸਿੱਖ ਲਹਿਰ ਦੇ ਮਾਧਿਅਮ ਨਾਲ ਵੱਧਦੀ ਹੋਈ ਲੋਕ ਜਾਗ੍ਰਿਤੀ ਉੱਤੇ ਉਸ ਵੇਲੇ ਦੀ ਹਕੂਮਤ ਦਾ ਇਹ ਪਹਿਲਾ ਜਬਰਦਸਤ ਹਮਲਾ ਸੀ।

ਇਹ ਉਹ ਸਥਿਤੀ ਹੈ ਜਿੱਥੇ ਅਨੇਕ ਲਹਿਰਾਂ ਜਾਂ ਤਾਂ ਸਰਕਾਰੀ ਦਮਨ-ਚੱਕਰ ਦੇ ਸਨਮੁਖ ਗੋਡੇ ਟੇਕ ਦਿੰਦੀਆਂ ਹਨ, ਜਾਂ ਪਿਸ ਜਾਂਦੀਆਂ ਹਨ, ਜਾਂ ਆਪਣਾ ਰਾਹ ਬਦਲ ਲੈਂਦੀਆਂ ਹਨ। ਸੰਸਾਰ ਵਿਚ ਇਸਦੀਆਂ ਅਨੇਕ ਮਿਸਾਲਾਂ ਹਨ। ਹਕੂਮਤ ਦੀ ਬੇਅੰਤ ਸ਼ਕਤੀ ਦੇ ਸਾਹਮਣੇ ਟਿਕ ਸਕਣਾ ਸੌਖਾ ਨਹੀਂ ਹੁੰਦਾ। ਅਜਿਹੇ ਉਦਾਹਰਣ ਸੰਸਾਰ ਵਿਚ ਵਿਰਲੇ ਹੀ ਹੋਣਗੇ ਕਿ ਸ਼ਾਂਤੀ ਪੂਰਨ ਧਾਰਮਿਕ ਵਾਤਾਵਰਨ ਵਿਚ ਉਭਰਦੀ ਹੋਈ ਕੋਈ ਲਹਿਰ ਆਪਣੇ ਵੇਲੇ ਦੀ ਸਰਵ ਸ਼ਕਤੀਮਾਨ ਰਾਜ ਸੱਤਾ ਦਾ ਕ੍ਰੋਪ ਲੈ ਲਵੇ ਅਤੇ ਸਿੱਟੇ ਵੱਜੋ ਉਸਦਾ ਸਰਵਉੱਚ ਆਗੂ-ਗੁਰੂ-ਅੰਤਾਂ ਦੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਜਾਏ ਅਤੇ ਉਹ ਲਹਿਰ ਬੜੇ ਧੀਰਜ ਤੇ ਸੰਜਮ ਨਾਲ ਆਪਣੀ ਸ਼ਕਤੀ ਨੂੰ ਇਕੱਤਰ ਕਰਦੀ ਹੋਈ ਇਕ ਦਿਨ ਉਸੇ ਰਾਜ ਸੱਤਾ ਨਾਲ ਖੁੱਲ੍ਹੀ ਟੱਕਰ ਲੈਂਦੇ ਹੋਏ ਉਸਦੀਆਂ ਜੜ੍ਹਾਂ ਪੁੱਟ ਸੁੱਟੇ।

ਜਿਸ ਵੇਲੇ ਗੁਰੂ ਅਰਜਨ ਦੀ ਸ਼ਹਾਦਤ ਹੋਈ, ਗੁਰੂ ਹਰਿਗੋਬਿੰਦ ਦੀ ਆਯੂ ਕੁਲ 11 ਵਰ੍ਹਿਆਂ ਦੀ ਸੀ। ਉਹ ਗੁਰੂ ਪਰੰਪਰਾ ਦੇ ਛੇਵੇਂ ਉੱਤਰਾਧਿਕਾਰੀ ਸਨ। ਉਨ੍ਹਾਂ ਅੱਗੇ ਉਹੋ ਨਿਰਣਾਇਕ ਘੜੀ ਸੀ। ਜਿਸ ਨਾਲ ਇਤਿਹਾਸ ਨਵੇਂ ਮੋੜ ਲੈਂਦਾ ਹੈ। ਇਸ ਔਖੀ ਤੇ ਵਿਖਮ ਘੜੀ ਵਿਚ ਉਨ੍ਹਾਂ ਨੇ ਜੋ ਨਿਰਣਾ ਲਿਆ ਉਸਨੇ ਨਾ ਕੇਵਲ ਸਿੱਖ ਲਹਿਰ ਦਾ ਰੂਪ-ਰੰਗ ਬਦਲ ਦਿੱਤਾ, ਸਗੋਂ ਸੰਸਾਰ ਦੇ ਇਤਿਹਾਸ ਵਿਚ ਇਕ ਪੂਰੀ ਤਰ੍ਹਾਂ ਵੱਖਰਾ ਤੇ ਨਵਾਂ ਪੰਨਾ ਜੋੜ ਦਿੱਤਾ। ਪੂਰੀ ਤਰਾਂ ਧਾਰਮਿਕ ਦਿੱਸਣ ਵਾਲੀ 75 ਵਰ੍ਹੇ ਪੁਰਾਣੀ ਲਹਿਰ ਨੂੰ ਉਨ੍ਹਾਂ ਨੇ ਬਿਲਕੁਲ ਨਵੀਂ ਰਾਹ ਦੇਣ ਦਾ ਫੈਸਲਾ ਕਰ ਲਿਆ।

ਉਨ੍ਹਾਂ ਦੇ ਦਾਦਾ ਗੁਰੂ ਰਾਮਦਾਸ ਨੇ ਅੰਮ੍ਰਿਤਸਰ ਨਗਰ ਨੂੰ ਵਸਾਉਣ ਦਾ ਕੰਮ ਆਰੰਭਿਆ ਸੀ। ਉਨ੍ਹਾਂ ਦੇ ਪਿਤਾ, ਗੁਰੂ ਅਰਜਨ ਨੇ ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਦੀ ਉਸਾਰੀ ਕਰਕੇ ਉਸ ਵਿਚ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਨੂੰ ਸਥਾਪਿਤ ਕਰਕੇ ਅਸੰਖ ਲੋਕਾਂ ਦੀ ਆਤਮਿਕ ਭੁੱਖ ਨੂੰ ਤ੍ਰਿਪਤ ਕਰਨ ਅਤੇ ਉਨ੍ਹਾਂ ਨੂੰ ਜੀਵਨ ਦੇ ਉਚੇਰੇ ਮੰਤਵਾਂ ਨਾਲ ਜੋੜਨ ਦਾ ਕੰਮ ਕੀਤਾ ਸੀ। ਗੁਰੂ ਹਰਿਗੋਬਿੰਦ ਜੀ ਨੇ ਹਰਿਮੰਦਰ ਦੇ ਸਾਹਮਣੇ ਕੁਝ ਵਿੱਥ ਤੇ ਅਕਾਲ ਬੁੰਗੇ' ਨੂੰ ਉਸਾਰਿਆ, ਜਿਹੜਾ ਕੁਝ ਚਿਰ ਵਿਚ ਹੀ ਤਖ਼ਤ ਬਣ ਗਿਆ। ਹਰਿਮੰਦਰ ਦੀ ਛਤਰ ਛਾਇਆ ਹੇਠ ਜਿਹੜਾ ਨਵਾਂ ਤਖ਼ਤ ਉੱਭਰਿਆ ਉਹ ਸੰਸਾਰੀ ਸ਼ਕਤੀ ਪ੍ਰਾਪਤ ਕੀਤੇ, ਸ਼ਕਤੀ ਦੇ ਨਸ਼ੇ ਵਿਚ ਅੰਨ੍ਹੇ ਹੋਏ ਹੁਕਮਰਾਨਾਂ ਤੇ ਤਖ਼ਤਾਂ

Sri Satguru Jagjit Singh Ji Elibrary NamdhariElibrary@gmail.com

ਲਈ ਇਕ ਵੰਗਾਰ ਸੀ। ਉਨ੍ਹਾਂ ਨੇ ਪਰੰਪਰਾ ਤੋਂ ਚਲੀ ਆ ਰਹੀ ਭਗਤਾਂ ਦੀ ਸੇਲੀ, ਟੋਪੀ ਲਾਹ ਕੇ ਦਸਤਾਰ ਸਜਾਈ। ਜਿਹੜੀ ਸਮਾਜਿਕ ਦ੍ਰਿਸ਼ਟੀ ਨਾਲ ਵਡਿਆਈ ਤੇ ਉੱਚਤਾ ਦਾ ਚਿਹਨ ਸੀ। ਆਮ ਜੋਧਾ ਅਤੇ ਸ਼ਾਸਕ ਵਰਗ ਦੇ ਲੋਕੀਂ ਇਕ ਤਲਵਾਰ ਧਾਰਨ ਕਰਦੇ ਸਨ। ਗੁਰੂ ਸਾਹਿਬ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਜਿਵੇਂ ਇਹ ਐਲਾਨ ਕੀਤਾ ਕਿ ਗੁਰੂ ਨਾਨਕ ਦੀ ਗੱਦੀ ਦਾ ਉਤਰਾਧਿਕਾਰੀ ਹੋਣ ਦੇ ਨਾਤੇ ਮੈਂ ਲੋਕਾਂ ਦਾ ਆਤਮਿਕ (ਪੀਰੀ) ਮਾਰਗ ਦਰਸ਼ਨ ਤਾਂ ਕਰਾਂਗਾ ਹੀ, ਹੁਣ ਮੈਂ ਲਤਾੜੇ ਹੋਏ, ਸਤਾਏ ਹੋਏ, ਗੁਲਾਮ ਬਣੇ ਹੋਏ ਲੋਕਾਂ ਨੂੰ ਸੰਸਾਰੀ (ਮੀਰੀ) ਦ੍ਰਿਸ਼ਟੀ ਤੋਂ ਉੱਚਾ ਚੁੱਕਣ ਤੇ ਉਨ੍ਹਾਂ ਵਿਚ ਸਵੈਮਾਣ ਪੈਦਾ ਕਰਨ ਦੀ ਮੁਹਿੰਮ ਵੀ ਚਲਾਵਾਂਗਾ।

ਗੁਰੂ ਹਰਿਗੋਬਿੰਦ ਨੇ ਦੂਰ-ਦੁਰੇਡੇ ਫੈਲੀਆਂ ਹੋਈਆਂ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ-ਹੁਣ ਕਾਰ ਭੇਟ ਵਿਚ ਘੋੜੇ, ਅਸਤਰ-ਸ਼ਸਤਰ ਅਤੇ ਦੂਜੀ ਯੁੱਧ ਸਮੱਗਰੀ ਲਿਆਈ ਜਾਏ। ਪਹਿਲਾਂ ਹਰਿਮੰਦਰ ਵਿਚ 'ਸ਼ਬਦ-ਕੀਰਤਨ ਕਰਨ-ਸੁਣਨ ਵਾਲੇ, ਗੁਰਬਾਣੀ ਦਾ ਪਾਠ ਕਰਨ ਵਾਲੇ ਸਾਧ ਜਨ' ਆਉਂਦੇ ਸਨ। ਇਹ ਸਾਰੇ ਉਸੇ ਤਰ੍ਹਾਂ ਆਉਂਦੇ ਰਹੇ, ਪਰ ਇਨ੍ਹਾਂ ਨਾਲ ਉਹ ਨੌਜਵਾਨ ਵੀ ਜੁੜੇ ਜੋ ਸ਼ਬਦ ਕੀਰਤਨ ਤੇ ਗੁਰਬਾਣੀ ਦਾ ਰਸ ਲੈਂਦੇ ਸਨ ਤੇ ਨਾਲ ਹੀ ਅਕਾਲ ਤਖ਼ਤ ਦੇ ਸਾਹਮਣੇ ਦੇ ਖੇਤਰ ਵਿਚ ਕੁਸ਼ਤੀ ਲੜਦੇ ਸਨ, ਤਲਵਾਰ ਚਲਾਉਣਾ ਸਿਖਦੇ ਸਨ, ਨੇਜ਼ਾ ਸੁੱਟਣਾ ਤੇ ਤੀਰੰਦਾਜ਼ੀ ਦਾ ਅਭਿਆਸ ਕਰਦੇ ਸਨ, ਘੁੜਸਵਾਰੀ ਕਰਦੇ ਸਨ। ਨੌਜਵਾਨ ਗੁਰੂ ਸਾਹਿਬ ਉਨ੍ਹਾਂ ਨੂੰ ਪ੍ਰੇਰਨਾ ਦਿੰਦੇ ਸਨ, ਉਤਸ਼ਾਹ ਦਿੰਦੇ ਸਨ। ਇਨ੍ਹਾਂ ਸੈਨਿਕ ਅਭਿਆਸਾਂ ਵਿਚ ਆਪ ਵੀ ਹਿੱਸਾ ਲੈਂਦੇ ਸਨ ਅਤੇ ਚਾਹੁੰਦੇ ਸਨ ਕਿ ਸਮਾਜ ਦੀ ਯੁਵਾ ਸ਼ਕਤੀ ਇਸ ਵੱਲ ਵੱਧ ਤੋਂ ਵੱਧ ਪ੍ਰੇਰੀ ਜਾਏ।

ਉਸ ਵੇਲੇ, ਬੜੇ ਲੋਕਾਂ ਨੂੰ ਜਾਪਿਆ ਸੀ ਕਿ ਗੁਰੂ ਹਰਿਗੋਬਿੰਦ ਜੀ ਦਾ ਇਹ ਉਪਰਾਲਾ ਤੇ ਕਾਰਜ ਪ੍ਰਣਾਲੀ ਪਰੰਪਰਾ ਤੋਂ ਚਲੀ ਆ ਰਹੀ ਗੁਰੂ-ਪ੍ਰਣਾਲੀ ਦੇ ਅਨੁਕੂਲ ਨਹੀਂ। ਭਾਈ ਗੁਰਦਾਸ ਨੇ ਵੀ ਵਾਰ 26, ਪਉੜੀ 24 ਵਿਚ ਆਮ ਸਿੱਖਾਂ ਦੇ ਮਨ ਵਿਚ ਪੈਦਾ ਹੋਈ ਇਸ ਸ਼ੰਕਾ ਦਾ ਜ਼ਿਕਰ ਕੀਤਾ ਹੈ- "ਪਹਿਲੇ ਗੁਰੂ ਧਰਮਸਾਲ ਬਣਾ ਕੇ ਬੈਠਦੇ ਸਨ, ਇਹ (ਗੁਰੂ ਹਰਿਗੋਬਿੰਦ) ਤਾਂ ਕਿਸੇ ਥਾਂ ਤੇ ਟਿਕਦੇ ਹੀ ਨਹੀਂ। ਪਹਿਲਾਂ ਬਾਦਸ਼ਾਹ ਗੁਰੂਆਂ ਦੇ ਦਰਸ਼ਨ ਕਰਨ ਲਈ ਆਉਂਦੇ ਸਨ, ਇਨ੍ਹਾਂ ਨੂੰ ਬਾਦਸ਼ਾਹ (ਜਹਾਂਗੀਰ) ਨੇ (ਗਵਾਲੀਅਰ ਦੇ) ਗੜ੍ਹ ਵਿਚ ਭੇਜ ਦਿੱਤਾ ਹੈ। ਹੁਣ ਸਿੱਖ ਸੰਗਤ ਨੂੰ ਗੁਰੂ ਦੇ ਦਰਸ਼ਨ ਨਹੀਂ ਹੁੰਦੇ ਕਿਉਂਕਿ ਇਹ ਗੁਰੂ ਲੋਕਾਂ ਵਿੱਚ ਨੱਠਦੇ-ਫਿਰਦੇ ਹਨ, ਕਿਸੇ ਤੋਂ ਡਰਦੇ ਨਹੀਂ। ਪਹਿਲਾਂ ਗੁਰੂ ਗੱਦੀ ਤੇ ਬੈਠ ਕੇ ਉਪਦੇਸ਼ ਦਿੰਦੇ ਸਨ, ਇਨ੍ਹਾਂ ਨੇ ਸ਼ਿਕਾਰੀ ਕੁੱਤੇ ਪਾਲ ਲਏ ਹਨ ਤੇ ਸ਼ਿਕਾਰ ਖੇਡਦੇ ਹਨ। ਪਹਿਲੇ ਗੁਰੂ ਬਾਣੀ ਦੀ ਰਚਨਾ ਕਰਦੇ ਸਨ, ਸੁਣਦੇ ਸਨ, ਗਾਉਂਦੇ ਸਨ, ਇਹ ਅਜਿਹਾ ਵੀ ਨਹੀਂ ਕਰਦੇ। ਪਹਿਲਾਂ ਦੇ ਗੁਰੂਆਂ ਵਾਂਗ ਇਨ੍ਹਾਂ ਪਾਸ ਸੇਵਕ ਵੀ ਨਹੀਂ। ਇਹ ਤਾਂ ਦੋਖੀਆਂ-ਦੁਸ਼ਟਾਂ ਦੇ ਆਗੂ (ਪੈਂਦੇ ਖਾਂ) ਵਰਗਿਆਂ ਨੂੰ ਮੂੰਹ ਲਾਉਂਦੇ ਹਨ-

ਧਰਮਸਾਲ ਕਰ ਬਹੀਦਾ,
ਇਕਤ ਥਾਂ ਨਾ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ,
ਗੜ੍ਹਿ ਚੜਿਆ ਪਾਤਿਸਾਹ ਚੜਾਇਆ।
ਉਮਤਿ-ਮਹਲੁ ਨ ਪਾਵਦੀ,
ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ,
ਕੁਤੇ ਰਖਿ ਸਿਕਾਰ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ,
ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ,
ਦੋਖੀ ਦੁਸਟ ਆਗੂ ਮੁਹਿ ਲਾਇਆ।

ਅਜਿਹੀਆਂ ਸ਼ੰਕਾਵਾਂ ਦਾ ਉੱਤਰ ਦਿੰਦੇ ਹੋਏ ਭਾਈ ਗੁਰਦਾਸ ਨੇ ਆਪ ਲਿਖਿਆ ਸੀ- ਲੋਕਾਂ ਦੇ ਮਨਾਂ 'ਚ ਕੁਝ ਚਿਰ ਲਈ ਸੱਚ ਦਾ ਪ੍ਰਕਾਸ਼ ਮੱਧਮ ਪੈ ਸਕਦਾ ਹੈ ਪਰ ਸੱਚਾਈ ਲੁਕਾਣ ਨਾਲ ਤਾਂ ਲੁਕ ਨਹੀਂ ਸਕਦੀ। ਸੱਚ ਦਾ ਸੂਰਜ ਉਗਦੇ ਹੀ ਭਰੋਸੇ ਦਾ ਕੰਵਲ ਖਿੜ ਜਾਂਦਾ ਹੈ ਅਤੇ ਮਨ ਰੂਪੀ ਭੌਰਾ ਉਸ ਤੇ ਮੰਡਰਾਉਣ ਲਗਦਾ ਹੈ-

ਸਚ ਨ ਲੁਕੈ ਲੁਕਾਇਆ
ਚਰਣ ਕਵਲ ਸਿਖ ਭਵਰ ਲੁਭਾਇਆ
ਅਜਰ ਜਰੇ ਨ ਆਪ ਜਣਾਇਆ॥

ਨਿਰੰਕੁਸ਼ ਸ਼ਾਸਨ ਤੰਤਰ ਨੇ ਸੋਚਿਆ ਸੀ ਕਿ ਗੁਰੂ ਅਰਜਨ ਦੀ ਸ਼ਹਾਦਤ ਪਿੱਛੋਂ ਸਿੱਖੀ ਦੀ ਲਹਿਰ ਆਪਣੇ ਆਪ ਨੂੰ ਸੁੰਗੇੜ ਲਵੇਗੀ ਅਤੇ ਆਪਣਾ ਸਾਰਾ ਧਿਆਨ ਭਜਨ ਬੰਦਗੀ ਵਿਚ ਹੀ ਲਗਾਉਣ ਲੱਗ ਪਵੇਗੀ, ਜਿਵੇਂ ਕਿ ਉਸ ਸਮੇਂ ਦੀਆਂ ਦੂਜੀਆਂ ਭਗਤੀ ਲਹਿਰਾਂ ਕਰ ਰਹੀਆਂ ਸਨ। ਉਸ ਨੇ ਇਹ ਵੀ ਸੋਚਿਆ ਸੀ ਕਿ 11 ਵਰ੍ਹਿਆਂ ਦੇ ਬਾਲਕ-ਗੁਰੂ ਆਪਣੇ ਪਿਤਾ ਦੀ ਅਜਿਹੀ ਤਸੀਹੇ ਵਾਲੀ ਮੌਤ ਵੇਖ ਕੇ

ਭੈਭੀਤ ਹੋ ਜਾਣਗੇ ਅਤੇ ਉਨ੍ਹਾਂ ਵਿਚ ਕੁਝ ਹੋਰ ਸੋਚਣ ਦੀ ਜੁਰੱਅਤ ਹੀ ਨਹੀਂ ਰਹੇਗੀ। ਉਨ੍ਹਾਂ ਦੀ ਮਾਤਾ ਅਤੇ ਦੂਜੇ ਮੋਢੀ ਸਿੱਖ ਉਨ੍ਹਾਂ ਨੂੰ ਅਜਿਹਾ ਕੋਈ ਕੰਮ ਨਹੀਂ ਕਰਨ ਦੇਣਗੇ ਜਿਸ ਤੋਂ ਹਕੂਮਤ ਨਾਰਾਜ਼ ਹੁੰਦੀ ਹੋਵੇ।

ਪਰ ਅਜਿਹਾ ਨਹੀਂ ਹੋਇਆ। ਨੌਜਵਾਨ ਗੁਰੂ ਹਰਿਗੋਬਿੰਦ ਨੇ ਸਾਰੀ ਲਹਿਰ ਨੂੰ ਨਵੇਂ ਸਰੂਪ ਵਿਚ ਢਾਲਣ ਦਾ ਨਿਸਚਾ ਕਰ ਲਿਆ। ਅਜੇ ਤੀਕ ਲੋਕਾਂ ਨੇ ਸਿੱਖ-ਲਹਿਰ ਦਾ ਸੰਤ ਰੂਪ ਹੀ ਜਾਣਿਆ ਸੀ। ਗੁਰੂ ਹਰਿਗੋਬਿੰਦ ਨੇ ਉਸ ਨਾਲ ਸਿਪਾਹੀ ਰੂਪ ਜੋੜ ਦਿੱਤਾ ਅਤੇ ਇਹ ਸੰਕੇਤ ਦੇ ਦਿੱਤਾ ਕਿ ਸੰਪੂਰਨ ਮਨੁੱਖ ਨਾ ਕੇਵਲ ਸੰਤ ਹੁੰਦਾ ਹੈ, ਨਾ ਸਿਪਾਹੀ। ਉਸਨੇ ਸੰਤ ਸਿਪਾਹੀ ਬਣਨਾ ਹੁੰਦਾ ਹੈ, ਤਾਂ ਹੀ ਉਹ ਇਸ ਸੰਸਾਰ ਵਿਚ ਅਨਿਆਂ-ਅੱਤਿਆਚਾਰ ਦੇ ਵਿਰੁੱਧ ਖੜ੍ਹਾ ਹੋ ਕੇ ਸਨਮਾਨਪੂਰਨ ਜੀਵਨ ਜੀਉਣ ਦਾ ਅਧਿਕਾਰੀ ਹੁੰਦਾ ਹੈ ਅਤੇ ਤਾਂ ਹੀ ਉਹ ਆਪਣੀ ਆਤਮਿਕ ਸ਼ਾਂਤੀ ਵੀ ਪ੍ਰਾਪਤ ਕਰ ਸਕਦਾ ਹੈ।

ਕੋਈ ਵੀ ਨਵੀਂ ਲਹਿਰ, ਨਵੀਂ ਮੁਹਿੰਮ, ਨਵਾਂ ਫੈਸਲਾ, ਆਪਣੀ ਕੀਮਤ ਮੰਗਦਾ ਹੈ। ਇਹ ਨਹੀਂ ਹੋ ਸਕਦਾ ਕਿ ਬੰਦਾ ਸਮੇਂ ਦੇ ਪ੍ਰਵਾਹ ਦੇ ਉਲਟ ਚੱਲਣਾ ਵੀ ਚਾਹੇ ਅਤੇ ਜੀਵਨ ਦੇ ਸਾਰੇ ਸੁਖ, ਸਾਰੀਆਂ ਸਹੂਲਤਾਂ ਨੂੰ ਭੋਗਦਾ ਵੀ ਚੱਲੇ। ਜੋ ਸੁਵਿਧਾ ਭੋਗੀ ਹਨ, ਉਹ ਕ੍ਰਾਂਤੀਕਾਰੀ ਨਹੀਂ ਹੋ ਸਕਦੇ। ਕਿਉਂਕਿ ਰਤਾ ਵੀ ਪਰਿਵਰਤਨਵਾਦੀ ਤੇ ਅਗਾਂਹਵਧੂ ਕਦਮ ਚੁੱਕਣ ਦਾ ਸਭ ਤੋਂ ਪਹਿਲਾਂ ਜਿਹੜਾ ਮੁੱਲ ਤਾਰਨਾ ਪੈਂਦਾ ਹੈ, ਉਹ ਉਨ੍ਹਾਂ ਸੁਖਾਂ, ਸੁਵਿਧਾਵਾਂ ਤੇ ਤਿਆਗ ਦਾ ਹੁੰਦਾ ਹੈ, ਜਿਨ੍ਹਾਂ ਦਾ ਬੰਦਾ ਆਦੀ ਹੋ ਚੁੱਕਿਆ ਹੁੰਦਾ ਹੈ।

ਪਰ ਗੱਲ ਕੇਵਲ ਸੁਖ-ਸੁਵਿਧਾ ਦੇ ਤਿਆਗਣ ਨਾਲ ਹੀ ਨਹੀਂ ਬਣਦੀ। ਇਸ ਮਾਰਗ ਤੇ ਹੋਰ ਅੱਗੇ ਵੱਧਣ ਦਾ ਅਰਥ ਹੈ ਤਕਲੀਫਾਂ, ਪੀੜਾਂ, ਜ਼ੁਲਮਾਂ ਤੇ ਅੰਤ ਵਿਚ ਮੌਤ ਨੂੰ ਸੱਦਾ ਦੇਣਾ। ਗੁਰੂ ਨਾਨਕ ਇਸਨੂੰ 'ਪ੍ਰੇਮ ਕੀ ਖੇਡ' ਕਹਿੰਦੇ ਹਨ। ਉਹ ਆਖਦੇ ਹਨ ਕਿ ਜੇ ਇਹ ਪ੍ਰੇਮ ਦੀ ਖੇਡ ਖੇਡਣੀ ਹੈ ਤਾਂ ਆਪਣਾ ਸਿਰ ਤਲੀ ਤੇ ਰੱਖ ਲਉ। ਇਸ ਮਾਰਗ ਤੇ ਤੁਰਣ ਦਾ ਜੋ ਨਿਸ਼ਚਾ ਕਰਦਾ ਹੈ ਉਹ ਬਿਨਾਂ ਕਿਸੇ ਸੰਕੋਚ ਦੇ ਆਪਣੀ ਜਾਨ ਵੀ ਦੇ ਦਿੰਦਾ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ॥

ਗੁਰੂ ਹਰਿਗੋਬਿੰਦ ਨੇ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਨਾਲ ਵਕਤ ਦੀ ਹਕੂਮਤ ਦਾ ਚੁਕੰਨਾ ਹੋ ਜਾਣਾ ਸੁਭਾਵਿਕ ਸੀ। ਜਹਾਂਗੀਰ ਕੋਲ ਉਨ੍ਹਾਂ ਦੀ ਨਵੀਂ ਜੀਵਨ-ਸ਼ੈਲੀ ਅਤੇ ਕਾਰਜ ਪ੍ਰਣਾਲੀ ਬਾਰੇ ਬੜੀਆਂ ਖ਼ਬਰਾਂ ਪੁੱਜੀਆਂ। ਨਤੀਜਾ ਉਹੋ ਹੋਇਆ। ਉਨ੍ਹਾਂ ਨੂੰ ਕੈਦ ਕਰਨ ਦਾ ਫੈਸਲਾ ਹੋ ਗਿਆ। 17 ਵਰ੍ਹੇ ਦੀ ਆਯੂ ਵਿਚ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਇਹ ਨਜ਼ਰਬੰਦੀ ਤਕਰੀਬਨ ਦੋ ਸਾਲ ਤੀਕ ਰਹੀ।

ਜਹਾਂਗੀਰ ਦੀ ਮੌਤ ਪਿੱਛੋ ਜਦੋਂ ਸ਼ਾਹਜਹਾਨ ਮੁਗਲ ਰਾਜ ਦੀ ਗੱਦੀ ਤੇ ਬੈਠਿਆ ਤਾਂ ਦਮਨ ਤੇ ਅਨਿਆਂ ਦੀ ਹਨ੍ਹੇਰੀ ਹੋਰ ਤੇਜ਼ ਹੋ ਗਈ। ਇਸੇ ਸਮੇਂ ਵਿਚ ਅਜੇਤੂ ਸਮਝੀ ਜਾਣ ਵਾਲੀ ਮੁਗ਼ਲ-ਸ਼ਕਤੀ ਨਾਲ ਸਿੱਖ ਲਹਿਰ ਦਾ ਸਿੱਧਾ ਹਥਿਆਰਬੰਦ ਟਕਰਾਉ ਸ਼ੁਰੂ ਹੋਇਆ। ਗੁਰੂ ਸਾਹਿਬ ਵੱਲੋ ਸੰਗਠਿਤ ਸਿੱਖ ਸੈਨਾ ਨੇ ਚਾਰ ਵਾਰ ਮੁਗ਼ਲ ਦਸਤਿਆਂ ਨਾਲ ਟੱਕਰ ਲਈ ਅਤੇ ਉਨ੍ਹਾਂ ਨੂੰ ਸ਼ਿਕਸਤ ਦਿੱਤੀ। ਪਰ ਇਹ ਤਾਂ ਅੱਗੇ ਆਉਣ ਵਾਲੀ ਉਸ ਵੱਡੀ ਮੁਹਿੰਮ ਦੀ ਰਿਹਰਸਲ ਵਰਗੀ ਸੀ, ਜਿਹੜੀ ਕੁਝ ਚਿਰ ਪਿੱਛੋ ਗੁਰੂ ਹਰਿਗੋਬਿੰਦ ਜੀ ਦੇ ਪੋਤਰੇ ਗੁਰੂ ਗੋਬਿੰਦ ਸਿੰਘ ਨੇ ਆਰੰਭ ਕਰਨੀ ਸੀ ਕਿ ਗੁਰੂ ਹਰਿਗੋਬਿੰਦ ਜੀ ਮਹਾਨ ਕ੍ਰਾਂਤੀ ਦਰਸ਼ੀ ਸਨ। ਕ੍ਰਾਂਤੀਕਾਰੀ ਹੋਣਾ ਇਕ ਗੱਲ ਹੈ ਤੇ ਕ੍ਰਾਂਤੀ ਦਰਸ਼ੀ ਹੋਣਾ ਉਸ ਤੋਂ ਕਿਤੇ ਵੱਡੀ ਗੱਲ ਹੈ। ਕ੍ਰਾਂਤੀਕਾਰੀ ਆਪਣੇ ਸਮੇਂ ਵਿਚ ਤਬਦੀਲੀ ਲਿਆਉਣ ਦਾ ਯਤਨ ਕਰਦਾ ਹੈ ਕ੍ਰਾਂਤੀਦਰਸ਼ੀ ਇਨਕਲਾਬ ਦੀ ਨੀਂਹ ਰੱਖਦਾ ਹੈ ਤੇ ਭਵਿੱਖ ਲਈ ਉਸਦੀ ਪੂਰੀ ਰੂਪਰੇਖਾ ਵੀ ਤਿਆਰ ਕਰ ਦਿੰਦਾ ਹੈ ਅਤੇ ਅਜਿਹੀਆਂ ਲੀਹਾਂ ਪਾ ਦਿੰਦਾ ਹੈ ਜਿਸ ਨਾਲ ਆਉਣ ਵਾਲੀਆਂ ਪੀੜੀਆਂ ਨੂੰ ਰਾਹ ਲੱਭ ਪੈਂਦਾ ਹੈ।

ਗੁਰੂ ਹਰਿਗੋਬਿੰਦ ਨੇ ਇਸ ਦੇਸ਼ ਦੇ ਇਤਿਹਾਸ ਦੀ ਧਾਰਾ ਨੂੰ ਇਕ ਨਵਾਂ ਮੋੜ ਦਿੱਤਾ। ਜੇ ਉਨ੍ਹਾਂ ਨੇ ਇਹ ਮੋੜ ਨਾ ਦਿੱਤਾ ਹੁੰਦਾ ਤਾਂ ਉਸ ਸਿੱਖ ਸ਼ਕਤੀ ਦਾ ਉਭਾਰ ਨਾ ਹੁੰਦਾ ਜਿੰਨੇ ਅਗਲੀ ਸਦੀ ਵਿਚ ਇਸ ਦੇਸ਼ ਉੱਤੇ ਉੱਤਰ-ਪੱਛਮੀ ਖੇਤਰਾਂ ਤੋਂ ਆਉਣ ਵਾਲੇ ਤੁਰਕ, ਪਠਾਣ ਤੇ ਮੁਗ਼ਲ ਹਮਲਾਵਰਾਂ ਦਾ ਮੂੰਹ ਮੋੜ ਦਿੱਤਾ ਸੀ ਅਤੇ ਇਕ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ ਸੀ। ਗੁਰੂ ਹਰਿਗੋਬਿੰਦ ਨੇ ਪੂਰੀ ਸਿੱਖ ਲਹਿਰ ਨੂੰ ਜੋ ਉਹ ਤੇਵਰ ਤੇ ਰੂਪ ਰੰਗ ਨਾ ਦਿੱਤਾ ਹੁੰਦਾ ਤਾਂ ਇਹ ਲਹਿਰ ਉਸ ਵੇਲੇ ਉਭਰੀਆਂ ਦੂਜੀਆਂ ਲਹਿਰਾਂ ਵਾਂਗ ਇਕ ਸਾਧਾਰਨ ਧਾਰਮਿਕ ਲਹਿਰ ਬਣ ਕੇ ਰਹਿ ਜਾਂਦੀ। ਇਸ ਲਹਿਰ ਵੱਲੋਂ ਉਹ ਮਹਾਨ ਕਾਰਜ ਸੰਪੰਨ ਨਾ ਹੁੰਦੇ ਜਿਨ੍ਹਾਂ ਨੇ ਅੱਗੇ ਚਲ ਕੇ ਮਨੁੱਖੀ ਇਤਿਹਾਸ ਵਿਚ ਅਨੇਕ ਸੁਨਹਿਰੇ ਪੰਨੇ ਜੋੜੇ।

Sri Satguru Jagjit Singh Ji Elibrary NamdhariElibrary@gmail.com

ਬਾਬਾ ਬੰਦਾ ਸਿੰਘ ਬਹਾਦਰ ਇਕ ਅਚਰਜ ਤੇ ਅਦੁੱਤੀ ਕਾਇਆ-ਕਲਪ ਦੇ ਪੁੰਜ

✍- ਸਵ: ਡਾ. ਹਰਨਾਮ ਸਿੰਘ ਸ਼ਾਨ

(ਬੰਦਾ ਬਹਾਦਰ ਦੀ ਸ਼ਹਾਦਤ ਨੂੰ ਸਮਰਪਿਤ)

ਬਾਬਾ ਬੰਦਾ ਸਿੰਘ ਬਹਾਦਰ, ਠੀਕ ਅਰਥਾਂ ਵਿਚ ਵੈਰਾਗ ਅਤੇ ਵੀਰਤਾ ਦੇ ਮੁਜੱਸਮੇ ਅਤੇ ਸਿਦਕ ਤੇ ਕੁਰਬਾਨੀ ਦੇ ਸਾਕਾਰ ਸਰੂਪ ਸਨ। ਉਹ ਸੰਯੁਕਤ ਹਿੰਦੁਸਤਾਨ ਦੇ ਅਜਿਹੇ ਸੂਰਬੀਰ ਤੇ ਸ੍ਰੇਸ਼ਟ ਪੁਰਸ਼ਾਂ ਵਿੱਚੋਂ ਇਕ ਅਜਿਹੀ ਸਿਰਕੱਢ ਸ਼ਖ਼ਸੀਅਤ ਸਨ, ਜਿਸ ਨੇ ਦੇਸ਼-ਕੌਮ ਦੀ ਅਜ਼ਾਦੀ, ਧਰਮ-ਨਿਆਂ ਦੀ ਕਾਇਮੀ ਅਤੇ ਗਰੀਬ-ਗੁਰਬੇ ਦੀ ਰਾਖੀ ਲਈ ਯਾਦਗਾਰੀ, ਲੀਹਾਂ-ਪਾਊ ਅਤੇ ਸਿਰਲੱਥ ਸੇਵਾ ਕੀਤੀ ਹੈ।

ਦੋ ਸੌ ਸਾਲ ਤੋਂ ਕਾਇਮ ਮਹਾਨ ਸਲਤਨਤ ਨੂੰ ਵੰਗਾਰਨ, ਉਸ ਦੇ ਅਨਿਆਈ ਰਾਜ ਨੂੰ ਲਲਕਾਰਨ, ਉਸ ਦੀ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਅਤੇ ਉਤਰ-ਪੱਛਮੀ ਹਿੰਦ ਦੀਆਂ ਕੰਧਾਂ ਤੱਕ ਕੰਬਾਉਣ ਲਈ ਜੋ ਘਾਲ ਉਨ੍ਹਾਂ ਨੇ ਘਾਲੀ ਅਤੇ ਜਿਸ ਤਰ੍ਹਾਂ ਦੀ ਫ਼ੌਰੀ ਤੇ ਜੁਗ-ਪਲਟਾਊ ਫਤਿਹ ਉਨ੍ਹਾਂ ਨੂੰ ਨਸੀਬ ਹੋਈ, ਉਹ ਵੀ ਆਪਣੀ ਮਿਸਾਲ ਆਪ ਹੈ।

ਆਪਣੇ ਬਚਨ ਤੇ ਆਦਰਸ਼ ਨੂੰ ਪਾਲਣ ਅਤੇ ਕਰਤੱਵ ਦੇ ਸਿਦਕ ਨੂੰ ਆਖਰੀ ਸੁਆਸਾਂ ਤੱਕ ਨਿਭਾਉਣ ਲਈ ਜੋ ਤਸੀਹੇ ਉਨ੍ਹਾਂ ਨੇ ਖਿੜੇ-ਮੱਥੇ ਝੱਲੇ ਸਨ, ਦੁਨੀਆਂ ਦੇ ਕਿਸੇ ਵਿਰਲੇ ਹੀ ਧਰਮੀ ਜਿਊੜੇ, ਦੇਸ਼-ਭਗਤ, ਕੌਮੀ ਪਰਵਾਨੇ ਜਾਂ ਸੁਤੰਤਰਤਾ ਸੰਗਰਾਮੀਆਂ ਨੇ ਅਜਿਹੀ ਦ੍ਰਿੜ੍ਹਤਾ ਤੇ ਸਬਰ-ਸ਼ੁਕਰ ਨਾਲ ਇਉਂ ਬਰਦਾਸ਼ਤ ਕੀਤੇ ਹੋਣਗੇ। ਉਨ੍ਹਾਂ ਦਾ ਸਾਰਾ ਜੀਵਨ, ਉਨ੍ਹਾਂ ਦਾ ਤਨ, ਮਨ ਤੇ ਹਰ ਘਟਨਾ ਉਨ੍ਹਾਂ ਦੇ ਅਚਰਜ ਤੇ ਅਦੁੱਤੀ ਕਾਇਆ-ਕਲਪ ਦੀ ਇਕ ਅਨੂਠੀ ਦਾਸਤਾਨ ਹੈ।

ਉਹ ਪੁਣਛ (ਕਸ਼ਮੀਰ) ਦੇ ਇਕ ਛੋਟੇ ਜਿਹੇ ਪਿੰਡ ਵਿਚ ਅਕਤੂਬਰ 1670 ਨੂੰ ਪੈਦਾ ਹੋਏ ਸਨ। ਉਨ੍ਹਾਂ ਦੇ ਪਿਤਾ ਸ੍ਰੀ ਰਾਮਦੇਵ ਇਕ ਰਾਜਪੂਤ ਕਿਰਸਾਨ ਸਨ। ਇਨ੍ਹਾਂ ਦਾ ਨਾਂ ਲਛਮਣ ਦੇਵ ਰੱਖਿਆ ਗਿਆ ਅਤੇ ਰਾਜਪੂਤੀ ਹੁਨਰ ਅਤੇ ਕੰਮ-ਕਾਰ ਘਰੇ ਹੀ ਸਿਖਾ ਦਿੱਤੇ ਗਏ।

ਲਛਮਣ ਦੇਵ ਨੂੰ ਸ਼ਸਤਰ-ਵਿੱਦਿਆ ਤੇ ਸ਼ਿਕਾਰ ਖੇਡਣ ਦਾ ਸ਼ੌਕ ਬਚਪਨ ਤੋਂ ਹੀ ਸੀ। ਇਕ ਦਿਨ ਇਕ ਗਰਭਵਤੀ ਹਿਰਨੀ ਮਾਰ ਦਿੱਤੀ। ਉਸ ਨੂੰ ਸਾਫ਼ ਕਰਨ ਲਈ ਜਦ ਉਸ ਦਾ ਪੇਟ ਚੀਰਿਆ ਤਾਂ ਉਸ ਵਿੱਚੋਂ ਉਸ ਦੇ ਦੋ ਬੱਚੇ ਨਿਕਲ ਆਏ, ਜੋ ਆਪ ਦੇ ਵੇਖਦੇ-ਵੇਖਦੇ ਤੜਫ-ਤੜਫ ਕੇ ਮਰ ਗਏ। ਇਸ ਦਰਦਨਾਕ ਦ੍ਰਿਸ਼ ਨੇ ਨੌਜਵਾਨ ਲਛਮਣ ਦੇਵ ਦੇ ਮਨ ਨੂੰ ਹਲੂਣ ਦਿੱਤਾ ਅਤੇ ਉਸ ਵਿਚ ਬੈਰਾਗ ਦਾ ਮਾਨੋ ਸੋਮਾ ਫੁੱਟ ਪਿਆ। ਇਨ੍ਹਾਂ 'ਤੇ ਅਜਿਹਾ ਅਸਰ ਪਿਆ ਕਿ ਆਪ ਸ਼ਸਤਰ, ਸ਼ਿਕਾਰ ਤੇ ਘਰ-ਬਾਰ ਤਿਆਗ ਕੇ ਵੈਰਾਗੀ ਬਣ ਗਏ। ਫਿਰ ਕੁਝ ਚਿਰ ਬਾਅਦ, ਸਾਧੂ ਜਾਨਕੀ ਪ੍ਰਸ਼ਾਦ ਜੀ ਦੇ ਚੇਲੇ ਸਜ ਕੇ ਵੈਸ਼ਨਵ ਮੱਤ ਦੇ ਧਾਰਨੀ ਹੋ ਗਏ। ਉਨ੍ਹਾਂ ਨੇ ਤਾਂ ਆਪ ਦਾ ਉਕਤ ਨਾਂ ਵੀ ਬਦਲ ਕੇ ਉਸ ਦੀ ਥਾਂ 'ਮਾਧੋਦਾਸ' ਰੱਖ ਦਿੱਤਾ।

ਕੁਝ ਚਿਰ ਬਾਅਦ ਉਦੋਂ ਦੇ ਸਾਂਝੇ ਪੰਜਾਬ ਵਿਚ ਵਿਚਰਦਿਆਂ ਜਦੋਂ ਆਪ ਵਿਸਾਖੀ ਦੇ ਮੇਲੇ 'ਤੇ ਰਾਮਥੰਮਣ (ਲਾਹੌਰ ਲਾਗੇ) ਪਹੁੰਚੇ ਤਾਂ ਉੱਥੇ ਆਪ ਦਾ ਮੇਲਜੋਲ ਸਾਧੂ ਰਾਮ ਦਾਸ ਬੈਰਾਗੀ ਨਾਲ ਹੋ ਗਿਆ ਤੇ ਆਪ ਨੇ ਫਿਰ ਉਨ੍ਹਾਂ ਨੂੰ ਹੀ ਆਪਣਾ ਗੁਰੂ ਧਾਰ ਲਿਆ, ਪਰ ਮਨ ਫਿਰ ਵੀ ਅਸ਼ਾਂਤ ਰਿਹਾ ਅਤੇ ਆਪ ਦਾ ਥਾਂ-ਠਿਕਾਣਾ ਵੀ ਬਦਲਦਾ ਰਿਹਾ। ਉਵੇਂ ਹੀ, ਸਾਧੂ-ਬੈਰਾਗੀ ਬਾਣੇ ਵਿਚ ਘੁੰਮਦੇ-ਘੁਮਾਉਂਦੇ ਜਦੋਂ ਆਪ ਨਾਸਕ (ਮਹਾਂਰਾਸ਼ਟਰ) ਪੁੱਜੇ ਤਾਂ ਉੱਥੇ ਪੰਚਬਟੀ ਵਿਚ 'ਔਘੜ ਨਾਥ' ਯੋਗੀ ਦੀ ਸ਼ਰਨ ਲੈ ਲਈ ਅਤੇ ਉਨ੍ਹਾਂ ਦੀ ਸਿੱਖਿਆ ਸਦਕਾ ਆਪ ਹੱਠ-ਯੋਗ ਤੇ ਤਾਂਤ੍ਰਿਕ ਮਤ ਦੇ ਧਾਰਨੀ ਬਣ ਗਏ।

ਨਾਥ ਜੀ ਦੇ ਚਲਾਣੇ ਪਿੱਛੋਂ, ਉਹ ਉੱਥੋਂ ਵੀ ਉਚਾਟ ਹੋ ਕੇ ਤੁਰ ਪਏ ਅਤੇ ਉਰਾਰਪਾਰ ਭੌਂਦੇ-ਭ੍ਰਮਦੇ ਸੰਨ 1692 ਵਿਚ ਨਾਂਦੇੜ ਪਹੁੰਚ ਗਏ। ਫਿਰ ਉੱਥੇ ਹੀ ਦਰਿਆ ਗੋਦਾਵਰੀ ਦੇ ਕੰਢੇ ਆਪਣਾ ਡੇਰਾ ਬਣਾ ਕੇ ਜਪ-ਤਪ ਕਰਨ ਲੱਗ ਪਏ। ਕੁਝ ਹੋਰ ਸਮਾਂ ਪਾ ਕੇ ਆਪ ਇਕ ਸਿੱਧ ਪੁਰਖ ਬਣ ਗਏ ਅਤੇ ਰਿੱਧੀਆਂ-ਸਿੱਧੀਆਂ ਦੇ ਚਮਤਕਾਰ ਦੱਸਣ ਤੇ ਆਏ-ਗਏ ਸਾਧੂ ਤੇ ਅਤਿਥੀ ਨੂੰ ਭਰਮਾਉਣ ਤੇ ਹੇਠਿਆਉਣ ਦੇ ਚੇਟਕ ਵੀ ਵਰਤਣੇ ਸ਼ੁਰੂ ਕਰ ਦਿੱਤੇ। ਆਪ ਨੂੰ ਹੱਠ-ਯੋਗ ਰਾਹੀਂ ਅਜਿਹੀਆਂ ਮਾਨਸਿਕ ਤੇ ਕਰਾਮਾਤੀ ਸ਼ਕਤੀਆਂ ਤਾਂ

Sri Satguru Jagjit Singh Ji Elibrary NamdhariElibrary@gmail.com

ਪ੍ਰਾਪਤ ਹੋ ਗਈਆਂ ਸਨ, ਪਰ ਮਨ ਅਜੇ ਵੀ ਬੇਚੈਨ ਹੋਣ ਕਰਕੇ ਆਪ ਆਏ ਦਿਨ ਇਨ੍ਹਾਂ ਦੀ ਗ਼ਲਤ ਵਰਤੋਂ ਕਾਰਨ ਹੋਰ ਭਟਕ ਰਹੇ ਸਨ।

ਸੋ, ਪ੍ਰਭੂ ਨੇ ਆਪ ਦੇ ਕੋਮਲ ਪਰ ਅਸ਼ਾਂਤ ਤੇ ਕੁਰਾਹੇ ਪਏ ਹੋਏ ਮਨ ਨੂੰ ਠੀਕ ਸੇਧ, ਸ਼ਾਂਤੀ ਤੇ ਸ਼ਕਤੀ ਦੇਣ ਲਈ ਅਤੇ ਆਪ ਦੀਆਂ ਅੰਤਰੀਵ ਸ਼ਕਤੀਆਂ ਨੂੰ ਦੇਸ਼, ਕੌਮ ਤੇ ਧਰਮ ਦੀ ਅਤਿ ਲੋੜੀਂਦੀ ਸੇਵਾ ਲਈ ਵਰਤਣ ਵਾਸਤੇ, ਆਪ ਦਾ ਮੇਲ ਉੱਥੇ ਹੀ ਸੰਨ 1708 ਈ. ਵਿਚ ਅਚਨਚੇਤ ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਰਵਾ ਦਿੱਤਾ। ਇਸ ਮੇਲ-ਮੁਲਾਕਾਤ ਤੇ ਪਰਸਪਰ ਵਾਰਤਾਲਾਪ ਨੇ ਆਪ ਦੇ ਜੀਵਨ, ਆਦਰਸ਼ ਤੇ ਵਿਚਾਰਧਾਰਾ ਨੂੰ ਮਾਨੋ ਪਲੋ-ਪਲ ਬਦਲ ਦਿੱਤਾ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਕਈ ਧਰਮ-ਪਰਿਵਰਤਨਾਂ ਤੋਂ ਬਾਅਦ ਲਛਮਣ ਦਾਸ ਤੋਂ ਹਠ-ਯੋਗੀ ਮਾਧੋਦਾਸ ਬਣੇ ਤੇ ਉਸ ਪਿੱਛੋਂ ਤਾਂਤ੍ਰਿਕ ਸਾਧੂ ਹੋ ਵਿਚਰੇ ਬੈਰਾਗੀ ਦੇ ਜੀਵਨ ਦਾ ਇਹ ਸਭ ਤੋਂ ਵੱਡਾ ਤੇ ਇਨਕਲਾਬੀ ਪਲਟਾ ਸੀ ਅਤੇ ਇਸ ਨੂੰ ਵਰਤਾਉਣ ਲਈ ਦਸਮੇਸ਼ ਜੀ ਉਨ੍ਹਾਂ ਦੇ ਮੱਠ ਵਿਚ ਆਪੇ ਮਾਨੋ ਅਚਾਨਕ ਪਹੁੰਚ ਗਏ ਸਨ। ਮਾਧੋਦਾਸ ਉਦੋਂ ਕਿਤੇ ਬਾਹਰ ਗਿਆ ਹੋਇਆ ਸੀ। ਸਤਿਗੁਰੂ ਉਸ ਦੀ ਮਾਨਸਿਕ ਕਾਇਆ-ਕਲਪ ਕਰਨ ਲਈ ਉਸੇ ਦੇ 'ਕਰਾਮਾਤੀ ਪਲੰਘ' ਉੱਤੇ ਬਿਰਾਜ ਗਏ ਸਨ। ਪਤਾ ਲੱਗਣ 'ਤੇ ਮਾਧੋਦਾਸ ਬੜੇ ਗੁੱਸੇ ਨਾਲ ਡੇਰੇ ਵੱਲ ਮੁੜਿਆ। ਉਸ ਨੇ ਪਲੰਘ ਉਲਟਾਉਣ ਅਤੇ ਗੁਰੂ ਸਾਹਿਬ ਨੂੰ ਹੇਠਿਆਉਣ ਲਈ ਸਭ ਜੰਤਰ-ਮੰਤਰ ਵਰਤੇ, ਪਰ ਕੋਈ ਵੀ ਕਾਰਗਰ ਸਾਬਤ ਨਾ ਹੋਇਆ।

ਸੱਯਦ ਅਹਿਮਦ ਸ਼ਾਹ ਅਨੁਸਾਰ, ਉਸ ਨੇ ਆਖ਼ਰ ਹਾਰ ਕੇ ਸਤਿਗੁਰਾਂ ਦੇ ਪਾਸ ਜਾ ਕੇ ਪੁੱਛਿਆ, "ਆਪ ਕੌਣ ਹੋ?" ਗੁਰਦੇਵ ਨੇ ਕਿਹਾ, "ਜਿਨ੍ਹਾਂ ਨੂੰ ਤੂੰ ਜਾਣਦਾ ਏਂ।" ਮਾਧੋ ਦਾਸ ਨੇ ਆਖਿਆ, "ਮੈਂ ਕੀ ਜਾਣਦਾ ਹਾਂ ? ਸਤਿਗੁਰਾਂ ਆਖਿਆ, "ਮੁੜ ਸੋਚ ਲੈ। ਮਾਧੋਦਾਸ ਬੋਲਿਆ, "ਕੀ ਆਪ ਗੁਰੂ ਗੋਬਿੰਦ ਸਿੰਘ ਹੋ?" ਗੁਰੂ ਜੀ ਨੇ ਆਖਿਆ, "ਹਾਂ"। ਮਾਧੋਦਾਸ ਨੇ ਪੁੱਛਿਆ, "ਆਪ ਇੱਥੇ ਕਿਸ ਲਈ ਆਏ ਹੋ?" ਸਤਿਗੁਰਾਂ ਦੱਸਿਆ, "ਮੈਂ ਤੈਨੂੰ ਸਿੱਧੇ ਰਾਹ ਪਾਉਣ ਅਤੇ ਆਪਣਾ ਸਿੱਖ ਬਣਾਉਣ ਲਈ ਆਇਆ ਹਾਂ।" ਮਾਧੋਦਾਸ ਕਲਗੀਧਰ ਦੇ ਚਰਨਾਂ ਉੱਤੇ ਡਿੱਗ ਪਏ ਅਤੇ ਆਖਿਆ, "ਮੈਂ ਹਾਜ਼ਰ ਹਾਂ, ਹਜ਼ੂਰ ਦਾ ਬੰਦਾ ਹਾਂ। ਆਪ ਦੇ ਹੁਕਮ ਦੀ ਪਾਲਣਾ ਲਈ ਹਰਦਮ ਤਿਆਰ ਹਾਂ।" ਦਸਮੇਸ਼ ਦੇ ਦਰਸ਼ਨ, ਉਦੇਸ਼ ਤੇ ਉਪਦੇਸ਼ ਦਾ ਅਜਿਹਾ ਤੀਖਣ ਤੇ ਫੌਰੀ ਅਸਰ ਹੋਇਆ ਕਿ ਮਾਧੋਦਾਸ ਸਦਾ ਲਈ ਉਨ੍ਹਾਂ ਦਾ 'ਬੰਦਾ' (ਗੁਲਾਮ ਜਾਂ ਦਾਸ) ਹੀ ਬਣ ਗਏ। (ਤਵਾਰੀਖ਼ੀ ਹਿੰਦ, ਮਿਤੀ 1818 ਈ; ਪੰਨਾ 111)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ, ਸਿੰਘ ਸਜਾ ਦਿੱਤਾ ਅਤੇ ਬੈਰਾਗੀ ਜੀਵਨ ਦੀ ਸਿਥਲਤਾ ਤੇ ਤਾਂਤ੍ਰਿਕ ਸਾਧਨਾਂ ਦੀ ਜਿੱਲ੍ਹਣ ਵਿੱਚੋ ਕੱਢ ਕੇ, ਸੂਰਬੀਰ ਤੇ ਕਰਮਯੋਗੀ ਬਣਾ ਦਿੱਤਾ। (ਮੈਗਰੇਗਰ, ਹਿਸਟਰੀ ਆਫ਼ ਦੀ ਸਿੱਖਸ, 1846 ਈ.)।

ਫਿਰ ਮੁਗ਼ਲ ਰਾਜ ਵੱਲੋਂ ਦੇਸ਼-ਕੌਮ ਉੱਤੇ ਹੋ ਰਹੇ ਅੱਤਿਆਚਾਰ ਦਾ ਅਹਿਸਾਸ ਕਰਾਇਆ, ਉਸ ਦੇ ਜਬਰ ਤੇ ਜ਼ੁਲਮ ਨੂੰ ਮੇਟਣ ਅਤੇ ਦੇਸ਼ ਦੇ ਨਿਸਤਾਰੇ ਤੇ ਜਨਤਾ ਦੇ ਛੁਟਕਾਰੇ ਲਈ ਅਰੰਭੇ ਹੋਏ ਸੰਘਰਸ਼ ਨੂੰ ਜਾਰੀ ਰੱਖਣ ਲਈ ਪ੍ਰੇਰਿਆ। ਹੁਣ ਪੂਰਨ ਸੰਤ-ਸਿਪਾਹੀ ਬਣ ਚੁੱਕੇ ਬਾਬਾ ਬੰਦਾ ਸਿੰਘ ਜੀ ਬੀਰ ਰਸ ਨਾਲ ਓਤਪੋਤ ਹੋ ਕੇ, ਸਤਿਗੁਰਾਂ ਦਾ ਹੁਕਮ ਤੇ ਆਪਣਾ ਕਰਤੱਵ ਪਾਲਣ ਲਈ ਤਿਆਰ-ਬਰ-ਤਿਆਰ ਹੋ ਗਏ।

ਦਸਮੇਸ਼ ਪਿਤਾ ਜੀ ਨੇ ਧਰਮਵੀਰ ਬਾਬਾ ਬੰਦਾ ਸਿੰਘ ਜੀ ਨੂੰ ਫਿਰ ਬਹਾਦਰ ਦੀ ਪਦਵੀ ਬਖ਼ਸ਼ ਕੇ ਆਪਣੇ ਭੱਥੇ ਵਿੱਚੋਂ ਪੰਜ ਤੀਰ, ਨਿਸ਼ਾਨ ਸਾਹਿਬ ਤੇ ਨਗਾਰੇ ਨਾਲ ਨਿਵਾਜਿਆ, ਪੰਜ ਮੁਖੀ ਤੇ ਸੂਰਬੀਰ ਸਿੰਘ ਨਾਲ ਜੋੜ ਕੇ, ਖਾਲਸੇ ਦਾ ਜਥੇਦਾਰ ਥਾਪਿਆ ਅਤੇ ਜ਼ਾਲਮਾਂ ਨੂੰ ਸੋਧਣ ਤੇ ਦੇਸ਼-ਕੌਮ ਨੂੰ ਉਨ੍ਹਾਂ ਦੇ ਪੰਜੇ ਤੋਂ ਛੁਡਾਉਣ ਲਈ ਅਕਤੂਬਰ 1708 ਨੂੰ ਪੰਜਾਬ ਵੱਲ ਤੋਰ ਦਿੱਤਾ। (ਭੱਟ ਵਹੀ ਮੁਲਤਾਨੀ-ਸਿੰਧੀ, ਸ਼ੀਅਰ-ਉਲ-ਮੁਤਾਖ਼ਰੀਨ, 1836, ਪ੍ਰਾਚੀਨ ਪੰਥ ਪ੍ਰਕਾਸ਼, 1841)

ਬਾਬਾ ਬੰਦਾ ਸਿੰਘ ਮਹਾਰਾਸ਼ਟਰ, ਮੱਧ ਭਾਰਤ ਤੇ ਉੱਤਰ ਪ੍ਰਦੇਸ਼ ਨੂੰ ਉਲੰਘਦੇ, ਜਿਉਂ-ਜਿਉਂ ਪੰਜਾਬ ਵੱਲ ਵਧਦੇ ਗਏ, ਸੈਂਕੜੇ ਸਿੰਘ ਤੇ ਸ਼ਰਧਾਲੂ ਉਨ੍ਹਾਂ ਦੇ ਜਥੇ ਵਿੱਚ ਸ਼ਾਮਲ ਹੁੰਦੇ ਗਏ। ਆਪ ਨੇ ਦਿੱਲੀ ਲਾਗੇ ਪਹੁੰਚ ਕੇ, ਥਾਂਉ-ਥਾਂ ਇਸ ਭਾਵ ਦੇ ਰੁੱਕੇ ਤੇ ਸੁਨੇਹੇ ਵੀ ਭੇਜ ਦਿੱਤੇ:

... ਮੈਂ ਕਰ ਖ਼ਾਨ ਵਜੀਦੇ ਕੋ ਮਾਰ,
ਸਰੰਦ ਉਜਾਰ ਕਰੈਹੁ ਸੁਛੰਦਾ।
ਪੀਸਹੁ ਫੇਰ ਗਿਰੀਸਨ ਕੋ ਭਲ,
ਬੈਰ ਸਜਾਦਨ ਲੈਹੁ ਅਮੰਦਾ।
ਸਿੰਘਨ ਕਾ ਜਿਨ ਪੰਥ ਰਚਿਓ ਗੁਰੂ,
ਤਾਂਹਿ ਨਿਵਾਜਿਓ ਹੈ ਇਹੁ ਬੰਦਾ॥

(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੀ ਅਜਿਹੀ ਚੜ੍ਹਤ ਨਾਲ ਚਾਰੇ-ਪਾਸੇ ਹਲਚਲ ਮੱਚ ਗਈ, ਖਾਲਸੇ ਦੀ ਧਾਂਕ ਪੈ ਗਈ, ਹਾਕਮ ਭੈਭੀਤ ਹੋਣ ਲੱਗ ਪਏ ਅਤੇ ਸੈਂਕੜੇ ਹੋਰ ਸਿਦਕੀ ਤੇ ਸੂਰਬੀਰ ਲੋਕ ਉਸ ਧਰਮ-ਯੁੱਧ ਵਿਚ ਸ਼ਾਮਿਲ ਹੋਣ ਲਈ ਆਪ ਨਾਲ ਰਲਦੇ ਤੇ ਮੱਲਾਂ ਮਾਰਦੇ ਗਏ। ਉਹ ਜਿਉਂ-ਜਿਉਂ ਅੱਗੇ ਵਧਦੇ ਗਏ, ਮੁਗ਼ਲ ਰਾਜ ਦੇ ਵੱਡੇ-ਵੱਡੇ ਗੜ੍ਹ ਇਕ-ਇਕ ਕਰ ਕੇ ਟੁੱਟਦੇ ਗਏ ਅਤੇ ਕੁਝ ਮਹੀਨਿਆਂ ਵਿਚ ਹੀ ਸਤਲੁਜੋਂ- ਪਾਰਲੇ ਇਲਾਕੇ ਵਿੱਚੋਂ ਮੁਗ਼ਲ ਸ਼ਕਤੀ ਦਾ ਸਫ਼ਾਇਆ ਹੋ ਗਿਆ। 12 ਮਈ, 1710 ਨੂੰ ਚੱਪੜ ਚਿੜੀ ਦੇ ਯੁੱਧ ਵਿਚ ਸਰਹਿੰਦ ਦੇ ਜ਼ਾਲਮ ਤੇ ਜਾਬਰ ਸੂਬੇਦਾਰ, ਵਜ਼ੀਰ ਖਾਨ ਦੀ ਹੋਈ ਮੌਤ ਉਪਰੰਤ, ਸਰਹਿੰਦ ਦੀ ਫਤਿਹ ਨਾਲ, ਦਰਿਆ ਜਮਨਾ ਤੋਂ ਲੈ ਕੇ ਸਤਲੁਜ ਤਕ, ਭਾਵ ਕਰਨਾਲ ਤੋਂ ਲੁਧਿਆਣਾ ਤੱਕ ਦਾ ਸਾਰਾ ਮੁਗਲਈ ਸੂਬਾ ਬਾਬਾ ਬੰਦਾ ਸਿੰਘ ਜੀ ਦੇ ਅਧੀਨ ਹੋ ਗਿਆ। ਕੁਝ ਚਿਰ ਬਾਅਦ, ਸਹਾਰਨਪੁਰ ਦੀ ਕਮਿਸ਼ਨਰੀ, ਦੁਆਬੇ, ਮਾਝੇ, ਰਿਆੜਕੀ ਤੇ ਪਹਾੜ ਦਾ ਬਹੁਤ ਸਾਰਾ ਇਲਾਕਾ ਵੀ ਉਨ੍ਹਾਂ ਦੇ ਕਬਜ਼ੇ ਜਾਂ ਦਾਬੇ ਹੇਠ ਆ ਗਿਆ। ਬਾਬਾ ਬੰਦਾ ਸਿੰਘ ਨੇ ਉੱਥੇ ਖਾਲਸਾ ਰਾਜ ਦੀ ਨੀਂਹ ਧਰ ਕੇ, ਮੁਖ਼ਲਸਗੜ੍ਹ ਦਾ ਨਾਂ ਲੋਹਗੜ੍ਹ ਰੱਖ ਕੇ, ਇਸ ਨੂੰ ਇਸ ਸੁਤੰਤਰ ਰਾਜ ਦੀ ਰਾਜਧਾਨੀ ਥਾਪ ਕੇ ਅਤੇ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਇਸ ਦਾ ਪ੍ਰਬੰਧ ਆਪਣੇ ਹੱਥ ਲੈ ਕੇ ਸ਼ਾਹੀ ਅਧਿਕਾਰ ਅਖ਼ਤਿਆਰ ਕਰ ਲਏ। ਆਪ ਨੇ ਸਿੱਖ ਸਤਿਗੁਰਾਂ ਦੇ ਨਾਂ 'ਤੇ ਹੀ ਸਰਕਾਰੀ ਮੁਹਰ ਬਣਵਾਈ ਅਤੇ ਸਿੱਕਾ ਜਾਰੀ ਕਰ ਦਿੱਤਾ:

ਦੇਗ ਉ ਤੇਗ ਉ ਫ਼ਤਿਹ ਉ ਨੁਸਰਤ ਬੇ-ਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਵਿਲੀਅਮ ਇਰਵਿਨ ਤੇ ਡਾ. ਗੰਡਾ ਸਿੰਘ ਅਨੁਸਾਰ, ਰਾਜ-ਪ੍ਰਬੰਧ ਵੀ ਉਨ੍ਹਾਂ ਦੀ ਹੀ ਸਿੱਖਿਆ ਅਨੁਸਾਰ ਨਿਆਂ, ਸਮਤਾ ਤੇ ਸਾਂਝੀਵਾਲਤਾ ਦੇ ਆਧਾਰ 'ਤੇ ਬੀੜਿਆ, ਸਦੀਆਂ ਤੋਂ ਪ੍ਰਚਲਿਤ ਜ਼ਿਮੀਂਦਾਰੀ ਸਿਸਟਮ ਤੋੜ ਕੇ ਖੇਤਾਂ ਦੇ ਹਲ-ਵਾਹਕ ਹੀ ਖੇਤਾਂ ਦੇ ਮਾਲਕ ਬਣਾ ਦਿੱਤੇ; ਦਲਿਤ ਤੇ ਪੱਛੜੇ ਹੋਏ ਲੋਕਾਂ ਨੂੰ ਕੇਵਲ ਸੁਖ ਦਾ ਸਾਹ ਹੀ ਨਾ ਦੁਆਇਆ, ਸਗੋਂ ਰਾਜ-ਭਾਗ ਦਾ ਹਿੱਸੇਦਾਰ ਵੀ ਬਣਾ ਦਿੱਤਾ। (ਲੇਟਰ ਮੁਗਲਜ਼, ਸੰਨ1922, ਬੰਦਾ ਸਿੰਘ ਬਹਾਦਰ, 1935)

ਬਾਬਾ ਬੰਦਾ ਸਿੰਘ ਜੀ ਦੀ ਇਸ ਇਨਕਲਾਬੀ ਮੁਹਿੰਮ ਲਈ ਹਾਲਾਤ ਫਿਰ ਇਥੋਂ ਤੱਕ ਸਾਜ਼ਗਾਰ ਹੋ ਗਏ ਕਿ ਤਜ਼ਕਰਾ-ਨਵੀਸ ਇਰਾਦਤ ਖ਼ਾਨ ਅਨੁਸਾਰ, ਉਨ੍ਹਾਂ ਦੀ ਰੋਕਟੋਕ ਕਰਨ ਲਈ ਕਿਸੇ ਵੀ ਮੁਗ਼ਲ ਅਮੀਰ, ਵਜ਼ੀਰ ਜਾਂ ਫ਼ੌਜੀ ਜਰਨੈਲ ਆਦਿ ਦੀ ਦਿੱਲੀਉਂ ਆਉਣ 'ਤੇ ਨਾ ਉਨ੍ਹਾਂ ਨੂੰ ਕੋਈ ਡੱਕਾ ਲਾਉਣ ਦੀ ਜੁਰੱਅਤ ਹੀ ਪੈ ਸਕੀ। (ਤਜ਼ਕਰਾ, 1716 ਈ.)

ਬਾਬਾ ਬੰਦਾ ਸਿੰਘ ਬਹਾਦਰ ਦੀਆਂ ਅਜਿਹੀਆਂ ਜਿੱਤਾਂ ਤੇ ਪ੍ਰਾਪਤੀਆਂ ਦੀ ਖ਼ਬਰ ਮੁਗ਼ਲ ਸਮਰਾਟ, ਬਹਾਦਰ ਸ਼ਾਹ ਨੂੰ ਦੱਖਣ ਵਿਚ ਜੂਝਦਿਆਂ ਮਿਲੀ। ਉਹ ਤਿਲਮਿਲਾ ਉੱਠਿਆ ਅਤੇ ਉਸ ਨੇ ਦੱਖਣ ਦੀ ਮੁਹਿੰਮ ਵਿੱਚੇ ਛੱਡ ਕੇ, ਉਨ੍ਹਾਂ ਦੀ ਫੌਰੀ ਸਰਕੋਬੀ ਲਈ ਬੜੀ ਭਾਰੀ ਫੌਜ ਸਮੇਤ ਪੰਜਾਬ ਵੱਲ ਚੜਾਈ ਸ਼ੁਰੂ ਕਰ ਦਿੱਤੀ। ਜੇ ਉਹ ਇਉਂ ਨਾ ਕਰਦਾ ਤਾਂ', ਸਰ ਜਾਅਨ ਮੈਲਕਮ ਅਨੁਸਾਰ, "ਇਨ੍ਹਾਂ ਸਿੱਖ ਹਮਲਾਵਰਾਂ ਨੇ ਸਾਰਾ ਹਿੰਦੁਸਤਾਨ ਫਤਿਹ ਕਰ ਲੈਣਾ ਸੀ।" (ਏ ਸਕੈਚ ਆਫ਼ ਦੀ ਸਿੱਖਸ, 1812 ਈ., ਸਫਾ 99)।

ਦਸ ਦਸੰਬਰ 1710 ਨੂੰ ਤਾਂ ਉਸ ਨੇ ਇਹ ਸ਼ਾਹੀ ਫ਼ੁਰਮਾਨ ਵੀ ਜਾਰੀ ਕਰ ਦਿੱਤਾ ਕਿ "ਗੁਰੂ ਨਾਨਕ ਦੇ ਉਪਾਸ਼ਕ ਜਿਥੇ-ਕਿਤੇ ਵੀ ਨਜ਼ਰ ਆਉਣ, ਮਾਰ-ਮੁਕਾ ਦਿੱਤੇ ਜਾਣ। (ਅਖ਼ਬਾਰਾਤੇ ਦਰਬਾਰੇ ਮੁਅੱਲਾ, 1710 ਈ.)।

ਬਹਾਦਰ ਸ਼ਾਹ ਬਾਦਸ਼ਾਹ ਵਾਹੋਦਾਹੀ ਬਾਬਾ ਬੰਦਾ ਸਿੰਘ ਜੀ ਦੀ ਰਾਜਧਾਨੀ, ਲੋਹਗੜ੍ਹ ਪਹੁੰਚਿਆ ਅਤੇ ਉਸ ਦੇ 60 ਹਜ਼ਾਰ ਫੌਜੀਆਂ ਨੇ ਕਿਲ੍ਹੇ ਨੂੰ ਘੇਰ ਲਿਆ। ਬਾਬਾ ਬੰਦਾ ਸਿੰਘ ਕਈ ਦਿਨਾਂ ਦੀ ਭਿਆਨਕ ਲੜਾਈ ਲੜਦਿਆਂ, 10 ਦਸੰਬਰ 1710 ਦੀ ਰਾਤ ਨੂੰ ਅਛੋਪਲੇ ਹੀ ਆਪਣੇ ਜਾਂਬਾਜ਼ ਸਾਥੀਆਂ ਸਮੇਤ ਕਿਲ੍ਹੇ ਵਿੱਚੋਂ ਨਿਕਲ ਕੇ ਪਹਾੜਾਂ ਵੱਲ ਚੜ੍ਹ ਗਏ।
(ਬਹਾਦਰਸ਼ਾਹਨਾਮਾ ਅਤੇ ਤਵਾਰੀਖੇ ਮੁਹੰਮਦਸ਼ਾਹੀ)।

ਸੋ, ਬਹਾਦਰ ਸ਼ਾਹ ਨਾ ਤਾਂ ਬਾਬਾ ਬੰਦਾ ਸਿੰਘ ਜੀ ਨੂੰ ਫੜ ਤੇ ਮਾਰ ਜਾਂ ਮਰਵਾ ਸਕਿਆ ਅਤੇ ਨਾ ਹੀ ਉਹ ਆਪ ਦੇ ਸਾਥੀਆਂ ਨੂੰ ਵੀ ਮਾਰ ਜਾਂ ਮੁਕਵਾ ਸਕਿਆ। ਸਗੋਂ, ਉਹ ਆਪ ਹੀ ਅਗਲੇਰੇ ਵਰੇ, ਸੰਨ 1712 ਵਿਚ, ਲਾਹੌਰ ਵਿਖੇ ਹੀ ਮਰ ਗਿਆ।

ਬਹਾਦਰ ਸ਼ਾਹ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ, ਬਾਬਾ ਜੀ ਪਹਾੜੋਂ ਉਤਰ ਆਏ ਅਤੇ ਸਢੌਰੇ ਤੇ ਲੋਹਗੜ੍ਹ ਉੱਤੇ ਮੁੜ ਕਾਬਜ਼ ਹੋ ਗਏ। ਉਨ੍ਹਾਂ ਨੇ ਕੁਝ ਪਹਾੜੀ ਰਿਆਸਤਾਂ ਅਤੇ ਜੰਮੂ, ਬਟਾਲੇ ਤੇ ਕਲਾਨੌਰ ਆਦਿ ਨੂੰ ਵੀ ਆਪਣੇ ਅਧੀਨ ਕਰ ਲਿਆ।

Sri Satguru Jagjit Singh Ji Elibrary NamdhariElibrary@gmail.com

ਫ਼ਰੁੱਖਸੀਅਰ ਨੇ ਸ਼ਾਹੀ ਵਾਗਡੋਰ ਸੰਭਾਲਦਿਆਂ ਹੀ ਬਾਬਾ ਬੰਦਾ ਸਿੰਘ ਜੀ ਦੀ ਇਸ ਕ੍ਰਾਂਤੀਕਾਰੀ ਲਹਿਰ ਨੂੰ ਕੁਚਲਣ ਅਤੇ ਸਿੱਖਾਂ ਨੂੰ ਮਾਰ-ਮਿਟਾਉਣ ਲਈ ਲੱਕ ਬੰਨ੍ਹ ਲਿਆ। ਬਾਬਾ ਜੀ ਨੇ ਆਪਣੀ ਮੁੱਠੀ ਭਰ ਸੈਨਾ ਨੂੰ ਉੱਥੇ ਸੁਰੱਖਿਅਤ ਨਾ ਸਮਝ ਕੇ ਆਪਣੀ ਮੁਹਾਰ ਗੁਰਦਾਸਪੁਰ ਵੱਲ ਮੋੜ ਲਈ। ਫ਼ਰੁੱਖਸੀਅਰ ਦੀ ਤੀਹ ਹਜ਼ਾਰੀ ਫੌਜ ਨੇ ਸੰਨ 1715 ਈ. ਵਿਚ ਆਪ ਨੂੰ ਤੇ ਆਪ ਦੇ ਸਾਥੀਆਂ ਨੂੰ ਗੁਰਦਾਸ ਨੰਗਲ ਦੀ ਇਕ ਹਵੇਲੀ ਵਿਚ ਘੇਰ ਲਿਆ। ਹਰ ਪੱਖੋਂ ਤੇ ਹਰ ਪਾਸਿਉਂ ਨਾਕਾਬੰਦੀ ਕਰ ਦਿੱਤੀ ਅਤੇ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਅੱਠ ਮਹੀਨੇ ਉਸੇ ਵਿਚ ਘੇਰੀ ਰੱਖੇ। ਅਜਿਹੀ ਹਾਲਤ ਵਿਚ ਵੀ ਉਨ੍ਹਾਂ ਮਰਜੀਵੜਿਆਂ ਨੇ ਅਜਿਹੇ ਸਿਦਕ ਅਤੇ ਨਿਰਭੈਤਾ ਤੇ ਸੂਰਬੀਰਤਾ ਦਾ ਸਬੂਤ ਦਿੱਤਾ ਕਿ ਜਿਸ ਦੀ ਮਿਸਾਲ ਲੱਭਣੀ ਮੁਸ਼ਕਿਲ ਹੈ। ਸਮਕਾਲੀ ਜਾਂ ਨਿਕਟ-ਸਮਕਾਲੀ ਮੁਸਲਮਾਨ ਇਤਿਹਾਸਕਾਰਾਂ, ਖਾਫ਼ੀ ਖਾਨ ਅਤੇ ਕਾਮਵਾਰ ਖਾਨ ਅਨੁਸਾਰ ...ਆਟਾ ਦਾਣਾ ਮੁੱਕ ਜਾਣ 'ਤੇ, ਉਹ ਘਾਹ-ਫੂਸ ਅਤੇ ਰੁੱਖਾਂ ਦੇ ਪੱਤਰ ਤੇ ਸੱਕ ਖਾ ਕੇ ਗੁਜ਼ਾਰਾ ਕਰਦੇ ਰਹੇ; ਪਰ ਉਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਨਾ ਈਨ ਮੰਨੀ ਸੀ, ਨਾ ਹੀ ਕਬਜ਼ਾ ਛੱਡਿਆ ਸੀ ਅਤੇ ਨਾ ਹੀ ਕਿਸੇ ਇਕ ਦਾ ਵੀ ਈਮਾਨ ਡੋਲਿਆ ਜਾਂ ਕਦਮ ਥਿੜਕਿਆ ਸੀ। ਮਹੀਨਿਆਂ-ਬੱਧੀ ਭੁੱਖੇ, ਬੀਮਾਰੀ ਤੇ ਬੇਬਸੀ ਆਦਿ ਕਾਰਨ, ਉਨ੍ਹਾਂ ਵਿੱਚੋਂ ਅੱਠ ਹਜ਼ਾਰ ਸਿੰਘ ਤਾਂ ਉਸ ਘੇਰੇ ਦੇ ਅੰਦਰ ਹੀ ਗੁਜ਼ਰ ਗਏ ਸਨ ਅਤੇ ਬਹੁਤ ਸਾਰੇ ਹੋਰ ਸੁੱਕ ਕੇ ਮਾਨੋ ਪਿੰਜਰ ਬਣ ਗਏ ਸਨ। ਆਖ਼ਰ ਸ਼ਾਹੀ ਸੈਨਾ ਦੀਆਂ ਧਾੜਾਂ ਇਕ ਘੋਰ ਵਿਸਾਹਘਾਤ ਨਾਲ 2 ਦਸੰਬਰ, 1715 ਈ. ਨੂੰ ਬੂਹੇ ਭੰਨ ਕੇ ਅੰਦਰ ਆ ਵੜੀਆਂ ਸਨ। ਉਨ੍ਹਾਂ ਨੇ ਅਧਮੋਏ ਸਿੰਘਾਂ ਨੂੰ ਉੱਥੇ ਹੀ ਮਾਰ ਮੁਕਾ ਦਿੱਤਾ ਸੀ; ਬਾਬਾ ਜੀ ਤੇ ਉਨ੍ਹਾਂ ਦੇ ਜੀਊਂਦੇ ਸਾਥੀਆਂ ਨੂੰ ਪਕੜ-ਜਕੜ ਕੇ ਅਤੇ ਸ਼ਹੀਦ ਹੋ ਚੁੱਕੇ ਸਿੰਘਾਂ ਦੇ ਸਿਰ ਬਰਛਿਆਂ ਉੱਤੇ ਟੰਗ ਕੇ, ਉਹ ਇਕ ਜਲੂਸ ਦੀ ਸ਼ਕਲ ਵਿਚ ਲਾਹੌਰ ਰਾਹੀਂ ਦਿੱਲੀ ਵੱਲ ਲੈ ਤੁਰੇ ਸਨ। (ਮੁਨਤਖ਼ਬ-ਉਲ-ਲਬਾਬ, 1134 ਹਿਜਰੀ ਅਤੇ ਤਜ਼ਕਰਾ ਸਲਾਤੀਨੁਲ ਚੁਗਤੀਆ, 1724 ਈ.)

ਦਿੱਲੀ ਵਿਚ ਕਈ ਤਰ੍ਹਾਂ ਦੇ ਜਲੂਸ ਉਸ ਤੋਂ ਪਹਿਲਾਂ ਵੀ ਨਿਕਲਦੇ ਰਹੇ ਸਨ, ਉਸ ਤੋਂ ਬਾਅਦ ਵੀ ਨਿਕਲਦੇ ਰਹੇ ਸਨ ਅਤੇ ਹੁਣ ਵੀ ਨਿਕਲ ਰਹੇ ਹਨ। ਪਰ ਜੋ ਜਲੂਸ ਸੰਨ 1716 ਈ. ਦੇ ਮਹੀਨਾ ਮਾਰਚ ਵਿਚ ਬਾਬਾ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਨਿਕਲਿਆ ਜਾਂ ਕੱਢਿਆ ਗਿਆ, ਉਹ ਭਿਆਨਕ ਅਤੇ ਦਰਦਨਾਕ ਸੀ। ਉਸ ਵਿਚ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਦਾ ਸਿਦਕ ਡੁਲਾਉਣ, ਲੋਕਾਂ ਨੂੰ ਭੈਭੀਤ ਕਰਨ ਅਤੇ ਸ਼ਾਹੀ ਰੁਅਬ ਤੇ ਮੁਗਲ ਦਬਦਬੇ ਦਾ ਵਿਖਾਲਾ ਕਰਨ ਲਈ ਹਰ ਨਿਰਦਈ, ਬੇਸ਼ਰਮ ਤੇ ਅਣਮਨੁੱਖੀ ਤੌਰ-ਤਰੀਕਾ ਵਰਤਿਆ ਗਿਆ ਸੀ। ਪਰ ਇਹ ਸਾਰੇ ਮਰਜੀਵੜੇ ਤੋੜ ਤੱਕ ਚੜ੍ਹਦੀ ਕਲਾ ਵਿਚ ਵਿਚਰਦੇ ਹੋਏ ਆਪਣਾ ਸਿਦਕ ਕੇਸਾਂ-ਸੁਆਸਾਂ ਤਕ ਨਿਭਾਉਂਦੇ ਜਾ ਰਹੇ ਸਨ।

ਉਨ੍ਹਾਂ ਦੇ ਮਹਾਨ ਨਾਇਕ ਤੇ ਬਲਵਾਨ ਜਰਨੈਲ, ਬਾਬਾ ਬੰਦਾ ਸਿੰਘ ਜੀ ਨੂੰ ਬੇੜੀਆਂ, ਸੰਗਲਾਂ ਤੇ ਹੱਥਕੜੀਆਂ ਨਾਲ ਜਕੜ ਕੇ ਅਤੇ ਲੋਹੇ ਦੇ ਪਿੰਜਰੇ ਵਿਚ ਪੱਕੀ ਤਰ੍ਹਾਂ ਨੂੜ ਕੇ, ਹਾਥੀ ਉੱਤੇ ਬਿਠਾਇਆ ਗਿਆ ਸੀ। ਉਨ੍ਹਾਂ ਦੇ ਅੱਗੇ ਦੋ ਹਜ਼ਾਰ ਮੁਗ਼ਲ ਸਿਪਾਹੀ, ਦੋ ਹਜ਼ਾਰ ਸ਼ਹੀਦ ਸਿੰਘਾਂ ਦੇ ਸਿਰ ਨੇਜ਼ਿਆਂ ਤੇ ਬਰਛਿਆਂ ਉੱਤੇ ਟੰਗ ਕੇ ਮਾਰਚ ਕਰ ਰਹੇ ਸਨ। ਉਨ੍ਹਾਂ ਦੇ ਪਿੱਛੇ 740 ਸਿੱਖ ਕੈਦੀ ਬੇਪਲਾਣੇ ਊਠਾਂ ਉੱਤੇ ਦੋ-ਦੋ ਦੀਆਂ ਪਿੱਠਾਂ ਜੋੜ ਕੇ ਨੂੜੇ ਹੋਏ; ਬੜੀ ਬੇਦਰਦੀ ਤੇ ਬੇਹਯਾਈ ਨਾਲ ਲਿਜਾਏ ਜਾ ਰਹੇ ਸਨ।

ਸੜ੍ਹਕਾਂ, ਗਲੀਆਂ ਤੇ ਬਜ਼ਾਰਾਂ ਦੇ ਦੋਹੀਂ ਪਾਸੀਂ ਖੜੇ ਅਤੇ ਮਕਾਨਾਂ ਦੀਆਂ ਛੱਤਾਂ ਉੱਤੇ ਚੜੇ ਹੋਏ ਹਜ਼ਾਰਾਂ ਲੋਕ ਇਹ ਦਰਦਨਾਕ ਤੇ ਭਿਆਨਕ ਦ੍ਰਿਸ਼ ਵੇਖ ਕੇ ਖਿੱਲੀਆਂ ਉਡਾ ਰਹੇ ਸਨ। ਉਨ੍ਹਾਂ ਵਿਚ ਉਹ ਸਮਕਾਲੀ ਲੇਖਕ, ਮੁਹੰਮਦ ਹਰੀਸੀ ਵੀ ਸ਼ਾਮਿਲ ਸੀ, ਜਿਸ ਨੇ ਮਗਰੋਂ ਆਪਣੀ ਪੁਸਤਕ, 'ਇਬਰਤਨਾਮਾ ਵਿਚ ਲਿਖਿਆ ਸੀ: "ਦਿੱਲੀ ਵਿਚ ਸ਼ਾਇਦ ਹੀ ਕੋਈ ਆਦਮੀ ਅਜਿਹਾ ਹੋਵੇ ਜਿਸ ਨੇ ਇਹ ਨਜ਼ਾਰਾ ਆਪਣੀ ਅੱਖੀਂ ਨਾ ਵੇਖਿਆ ਹੋਵੇ। ਦਿੱਲੀ ਦੀਆਂ ਗਲੀਆਂ-ਬਜ਼ਾਰਾਂ ਵਿਚ ਇੰਨੀ ਭਾਰੀ ਭੀੜ ਸ਼ਾਇਦ ਹੀ ਕਦੇ ਵੇਖੀ ਗਈ ਹੋਵੇ। ਇਹ ਤਮਾਸ਼ਾ ਵੇਖ ਕੇ ਮੁਸਲਮਾਨ ਖੁਸ਼ੀ ਵਿਚ ਫੁੱਲੇ ਨਹੀਂ ਸਮਾ ਰਹੇ ਸਨ, ਪਰ ਅਜਿਹੀ ਭੀੜ, ਜ਼ੁਲਮ ਤੇ ਦੁਰਦਸ਼ਾ ਦੇ ਸ਼ਿਕਾਰ ਬਦਨਸੀਬ ਸਿੱਖ ਬੜੇ ਖੁਸ਼ ਅਤੇ ਸੰਤੁਸ਼ਟ ਨਜ਼ਰ ਆ ਰਹੇ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਨਿਰਾਸ਼ਤਾ ਜਾਂ ਨਿਰਾਦਰੀ ਦੇ ਅਹਿਸਾਸ ਦਾ ਕੋਈ ਨਾਂ-ਨਿਸ਼ਾਨ ਵੀ ਨਹੀਂ ਸੀ। ਉਨ੍ਹਾਂ ਵਿੱਚੋਂ ਬਹੁਤੇ ਤਾਂ ਚਾਈਂ-ਚਾਈਂ ਆਪਣੇ ਗੁਰਾਂ ਦੇ ਸ਼ਬਦ ਗਾਈ ਜਾ ਰਹੇ ਸਨ।" (ਇਬਰਤਨਾਮਾ, ਮਿਤੀ 1720 ਈ.)।

ਇਹ ਭਿਆਨਕ ਜਲੂਸ ਜਦੋਂ ਲਾਲ ਕਿਲ੍ਹੇ ਪਾਸ ਪਹੁੰਚਿਆ ਸੀ ਤਾਂ ਬਾਬਾ ਬੰਦਾ ਸਿੰਘ ਤੇ ਉਨ੍ਹਾਂ ਦੇ ਸਿਰਕੱਢ ਸਾਥੀਆਂ ਨੂੰ ਉਸ ਤੋਂ ਅੱਡ ਕਰ ਕੇ ਨਿਖੇੜ ਲਿਆ ਗਿਆ ਸੀ ਅਤੇ ਬਾਕੀ ਬਚੇ ਸਿੰਘਾਂ ਨੂੰ ਦਿੱਲੀ ਦੇ ਕੋਤਵਾਲ ਦੇ ਹਵਾਲੇ ਕਰ

Sri Satguru Jagjit Singh Ji Elibrary NamdhariElibrary@gmail.com

ਦਿੱਤਾ ਗਿਆ ਸੀ। ਫਿਰ ਅਗਲੇ ਸੱਤ ਦਿਨਾਂ ਦੌਰਾਨ, ਉਨ੍ਹਾਂ ਸਾਰਿਆਂ ਨੂੰ ਰੋਜ਼ਾਨਾ ਸੌ-ਸੌ ਦੀ ਪਾਲ ਬਣਾ ਕੇ, ਕੋਤਵਾਲੀ ਲਾਗੇ ਸ਼ਹੀਦ ਕਰ ਦਿੱਤਾ ਗਿਆ ਸੀ। ਦਿੱਲੀ ਵਿਚ ਉਦੋਂ ਮੌਜੂਦ ਦੋ ਅੰਗਰੇਜ਼ ਸਫ਼ੀਰਾਂ, ਜਾਅਨ ਸਰਮਨ ਤੇ ਐਡਵਰਡ ਸਟੀਫਨਸਨ ਅਨੁਸਾਰ, "ਉਸ ਕਤਲਗਾਹ ਵਿਚ ਕੋਈ ਇਕ ਵੀ ਸਿੱਖ ਡਰ ਜਾਂ ਲਾਲਚ ਕਾਰਨ ਆਪਣੇ ਧਰਮ ਤੋਂ ਨਹੀਂ ਡੋਲਿਆ ਜਾਂ ਪਰਤਿਆ ਸੀ। ਸਗੋਂ ਹਰ ਕੋਈ ਉਸ ਦਰਦਨਾਕ ਅੰਤ ਨੂੰ ਖਿੜੇ-ਮੱਥੇ ਕਬੂਲ ਕਰ ਕੇ, "ਵਾਹਿਗੁਰੂ-ਵਾਹਿਗੁਰੂ ਜਪਦਾ ਸ਼ਹੀਦ ਹੋ ਗਿਆ ਸੀ।" (ਮੈਸੇਕਰ ਆਫ਼ ਦੀ ਸਿੱਖਸ ਐਟ ਦਿੱਲੀ ਇਨ 1716)

ਬਾਬਾ ਬੰਦਾ ਸਿੰਘ ਜੀ ਦੀ ਵਾਰੀ 9 ਜੂਨ 1716 ਨੂੰ ਆਈ ਸੀ। ਉਸ ਤੋਂ ਪਹਿਲਾਂ, ਲੋਕਾਂ ਨੂੰ ਹੋਰ ਭੈਭੀਤ ਕਰਨ ਅਤੇ ਸ਼ਾਹੀ ਰੁਅਬਦਾਬ ਦਾ ਹੋਰ ਵਿਖਾਲਾ ਕਰਨ ਲਈ ਅਤੇ ਉਨ੍ਹਾਂ ਤੋਂ ਈਨ ਮੰਨਵਾਉਣ ਤੇ ਉਨ੍ਹਾਂ ਦਾ ਧਰਮ-ਈਮਾਨ ਬਦਲਾਉਣ ਲਈ ਹੋਰ ਹੱਥਕੰਡੇ ਵਰਤਣ ਜਾਂ ਲੋਭ ਤੇ ਡਰਾਵੇ ਦੇਣ ਲਈ, ਬਾਬਾ ਜੀ ਤੇ ਉਨ੍ਹਾਂ ਦੇ ਸਿਦਕੀ ਤੇ ਸੂਰਬੀਰ ਸਾਥੀਆਂ ਨੂੰ ਦਿੱਲੀ ਦੇ ਬਜ਼ਾਰਾਂ ਵਿਚ ਫਿਰ ਘੁੰਮਾਇਆ ਗਿਆ, ਪਰ ਗੁਰੂ ਦੀ ਲਟ-ਲਟ ਬਲਦੀ ਸ਼ਮਾ ਦੇ ਉਨ੍ਹਾਂ ਪਰਵਾਨਿਆਂ ਵਿੱਚੋਂ ਕਿਸੇ ਇੱਕ ਨੇ ਵੀ ਉਨ੍ਹਾਂ ਦੀ ਕੋਈ ਈਨ ਨਹੀਂ ਮੰਨੀ ਸੀ ਅਤੇ ਸਾਰੇ ਦੇ ਸਾਰੇ ਆਪਣੇ ਨਿਸ਼ਚੇ ਉੱਤੇ ਚਟਾਨ ਵਾਂਗ ਦ੍ਰਿੜ ਰਹੇ ਸਨ। ਇਸ ਲਈ ਉਨ੍ਹਾਂ ਨੂੰ ਮਹਿਰੌਲੀ ਵਿਖੇ ਕੁਤਬ ਮੀਨਾਰ ਲਾਗੇ ਪਹੁੰਚਾ ਕੇ ਉਨ੍ਹਾਂ ਦੇ ਵੀ ਬੇਦਰਦ ਕਤਲਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਸੀ।

'ਤਾਰੀਖੇ ਮੁਜੱਫਰੀ' ਅਨੁਸਾਰ ਬਾਬਾ ਬੰਦਾ ਸਿੰਘ ਜੀ ਨੂੰ ਉਕਤ ਸਿੰਘਾਂ ਵਾਂਗ ਇਸਲਾਮ ਕਬੂਲਣ ਜਾਂ ਭਿਆਨਕ ਮੌਤੇ ਮਰਨ ਦਾ ਚੋਣ-ਅਧਿਕਾਰ ਫਿਰ ਦਿੱਤਾ ਗਿਆ ਸੀ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੋਣ ਉਸ 'ਬੰਦੇ' (ਬਾਬਾ ਬੰਦਾ ਸਿੰਘ ਬਹਾਦਰ) ਤੇ ਨਿਧੜਕ ਕੌਮੀ ਨਾਇਕ ਨੇ ਆਪਣਾ ਧਰਮ ਤਿਆਗਣ ਦੀ ਥਾਂ ਅਸਹਿ ਤੇ ਅਕਹਿ ਕਸ਼ਟਾਂ ਸਹਿਤ ਮੌਤ ਨੂੰ ਤਰਜੀਹ ਦਿੱਤੀ ਸੀ। ਆਪ ਦੇ ਚਾਰ ਸਾਲਾ ਪੁੱਤਰ, ਅਜੈ ਸਿੰਘ ਨੂੰ ਆਪ ਦੀ ਗੋਦ ਵਿਚ ਰੱਖ ਕੇ ਆਪਣੇ ਹੱਥੀਂ ਮਾਰ ਦੇਣ ਲਈ ਆਖਿਆ ਗਿਆ ਸੀ। ਬਾਬਾ ਜੀ ਦੇ ਇਨਕਾਰ ਕਰਨ 'ਤੇ ਜੱਲਾਦ ਨੇ ਆਪ ਦੀਆਂ ਅੱਖਾਂ ਸਾਹਵੇਂ ਉਸ ਨੂੰ ਛੁਰੀ ਨਾਲ ਕੋਹਿਆ ਅਤੇ ਉਸ ਦੇ ਟੋਟੇ-ਟੋਟੇ ਕਰ ਕੇ ਉਸ ਦੇ ਤੜਫ ਰਹੇ ਦਿਲ ਨੂੰ ਆਪ ਦੇ ਮੂੰਹ ਵਿਚ ਘਸੋੜ ਦਿੱਤਾ ਸੀ। ਈਨ ਮੰਨਣ ਤੇ ਧਰਮ-ਈਮਾਨ ਬਦਲਣ ਦੀ ਸ਼ਰਤ ਮੁੜ ਦੁਹਰਾਈ ਗਈ ਸੀ। ਬਾਬਾ ਬੰਦਾ ਸਿੰਘ ਜੀ ਫਿਰ ਵੀ ਰੱਬ ਦੇ ਭਾਣੇ ਉੱਤੇ ਸ਼ਾਕਰ ਤੇ ਅਡੋਲ ਰਹੇ, ਆਪਣੇ ਸਿੱਖੀ ਸਿਦਕ ਦੀ ਕਾਇਮੀ ਲਈ ਆਖ਼ਰੀ ਦਮ ਤਕ ਦ੍ਰਿੜ ਰਹੇ ਸਨ।

ਉਨ੍ਹਾਂ ਨੂੰ ਫਿਰ ਮਿਸਾਲੀ ਤੌਰ 'ਤੇ ਮਾਰ-ਮੁਕਾਉਣ ਲਈ, ਆਖ਼ਰਾਂ ਦੇ ਹੋਰ ਤਸੀਹੇ ਦਿੰਦਿਆਂ ਪਹਿਲਾਂ ਉਨ੍ਹਾਂ ਦੀਆਂ ਅੱਖਾਂ ਕੱਢੀਆਂ ਗਈਆਂ, ਫਿਰ ਹੱਥ-ਪੈਰ ਵੱਢੇ ਗਏ ਸਨ। ਉਪਰੰਤ ਭਖਦੇ ਜੰਬੂਰਾਂ ਨਾਲ ਉਨ੍ਹਾਂ ਦਾ ਮਾਸ ਨੋਚ-ਨੋਚ ਕੇ ਤੇ ਵਾਰੋਵਾਰ ਹੋਰ ਅੰਗ ਵੱਢ-ਟੁੱਕ ਕੇ, ਸਿਰ ਕੱਟ ਦਿੱਤਾ ਗਿਆ ਸੀ। ਇਸ ਸਭ ਕੁਝ ਦੇ ਬਾਵਜੂਦ, ਬਾਬਾ ਬੰਦਾ ਸਿੰਘ ਅੰਤਮ ਸੁਆਸਾਂ ਤੱਕ ਸ਼ਾਂਤ, ਪ੍ਰਸੰਨ ਤੇ ਦ੍ਰਿੜ੍ਹ ਰਹੇ ਸਨ (ਤਾਰੀਖੇ ਮੁਜੱਫਰੀ)

ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ ਅੰਕਿਤ ਇਨ੍ਹਾਂ ਪਾਵਨ ਬਚਨਾਂ ਉੱਤੇ ਮਾਨੋ ਆਖ਼ਰਾਂ ਦੀ ਸਿਦਕ ਦਿਲੀ ਨਾਲ ਪਹਿਰਾ ਦਿੰਦਿਆਂ ਬਾਬਾ ਬੰਦਾ ਸਿੰਘ ਬਹਾਦਰ ਸ਼ਹੀਦੀ ਪਾ ਗਏ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥
(ਪੰਨਾ 1105)

ਸੀਸੁ ਦੀਆ ਪਰ ਸੀ ਨ ਉਚਰੀ ॥

....

ਸੀਸੁ ਦੀਆ ਪਰ ਸਿਰਰੁ ਨ ਦੀਆ ॥
(ਬਚਿਤ੍ਰ ਨਾਟਕ)

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਇਸ ਅਨੂਠੀ ਘਾਲ ਤੇ ਕੁਰਬਾਨੀ ਨੇ ਛੇਤੀ ਹੀ ਆਪਣਾ ਰੰਗ ਵਿਖਾਇਆ। ਆਪ ਦੀ ਇਨਕਲਾਬੀ ਮੁਹਿੰਮ ਤੇ ਅਦੁੱਤੀ ਫਤਿਹ ਨੇ ਸਾਰੇ ਦੇਸ਼ ਤੇ ਕੌਮ ਨੂੰ ਹਲੂਣ ਕੇ ਜਗਾ ਦਿੱਤਾ ਅਤੇ ਆਪ ਦੇ ਸਹਿਧਰਮੀਆਂ ਨੇ ਆਪਣੇ ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਉੱਤੇ ਚਲਦਿਆਂ ਤੇ ਪੰਜਾਹ ਵਰ੍ਹੇ ਹੋਰ ਅਟੁੱਟ ਘਾਲਾਂ ਘਾਲਦਿਆਂ, ਦੇਸ਼, ਕੌਮ ਤੇ ਧਰਮ ਨੂੰ ਅਜ਼ਾਦ ਕਰਵਾ ਕੇ ਅਤੇ ਆਪਣਾ ਸੁਤੰਤਰ ਤੇ ਸਰਬ-ਸਮਰੱਥ ਰਾਜ ਕਾਇਮ ਕਰ ਕੇ ਹੀ ਸਾਹ ਲਿਆ। ਉਨਾਂ ਨੇ ਤਾਂ ਕੇਵਲ ਦਿੱਲੀ ਵਿਚ ਕਾਇਮ ਹਿੰਦੁਸਤਾਨ ਦੇ ਲਾਲ ਕਿਲ੍ਹੇ, ਉੱਤੇ ਹੀ ਨਹੀਂ; ਸਗੋਂ ਇਸੇ ਦੀ ਉੱਤਰ-ਪੱਛਮੀ ਸਰਹੱਦ ਦੇ ਦੱਰਾ ਖੈਬਰ ਉੱਤੇ ਵੀ ਖ਼ਾਲਸਈ ਪਰਚਮ ਝੁਲਾਇਆ।

Sri Satguru Jagjit Singh Ji Elibrary NamdhariElibrary@gmail.com

ਨੇੜਿਓਂ ਡਿੱਠੇ ਡਾ.ਕਿਰਪਾਲ ਸਿੰਘ ਹਿਸਟੋਰੀਅਨ

ਲ਼- ਸੁਖਦੇਵ ਸਿੰਘ

ਇਤਿਹਾਸ ਅਤੇ ਇਤਿਹਾਸਕਾਰੀ ਦੇ ਖੇਤਰ ਵਿਚ ਡਾ. ਕਿਰਪਾਲ ਸਿੰਘ ਦਾ ਨਾਮ ਚਮਕਦੇ ਸਿਤਾਰੇ ਵਾਂਗ ਹੈ। ਸਮਕਾਲੀ ਅਤੇ ਗੈਰ-ਸਮਕਾਲੀ ਸਰੋਤਾਂ ਵਿਚੋ ਯਥਾਰਥ ਇਤਿਹਾਸ ਨੂੰ ਕੱਢ ਕੇ ਪੇਸ਼ ਕਰਨਾ ਵੀ ਇਕ ਵੱਡੀ ਕਲਾ ਹੈ। ਡਾ. ਕਿਰਪਾਲ ਸਿੰਘ ਇਸ ਕਲਾ ਦੇ ਮਾਹਿਰ ਸਨ। ਜਦੋਂ ਵੀ ਕਦੇ ਕਿਸੇ ਇਤਿਹਾਸਕ ਵਿਸ਼ੇ ਉੱਤੇ ਗੱਲ ਚੱਲਦੀ ਤਾਂ ਉਨ੍ਹਾਂ ਦਾ ਨਜ਼ਰੀਆ ਸਭ ਤੋਂ ਵੱਖਰਾ ਅਤੇ ਸਟੀਕ ਹੁੰਦਾ ਸੀ। ਇਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੀ ਖੋਜ ਦਾ ਆਧਾਰ ਸਮਕਾਲੀਨ ਫ਼ਾਰਸੀ ਸਰੋਤ ਹੁੰਦੇ ਸਨ। ਸਿੱਖ ਕੌਮ ਕੋਲ ਕੁਝ ਗਿਣਵੇਂ-ਚੁਣਵੇਂ ਵਿਦਵਾਨ ਹਨ ਜਿਹੜੇ ਬਾਕੀ ਭਾਸ਼ਾਵਾਂ ਦੇ ਨਾਲ ਫ਼ਾਰਸੀ ਭਾਸ਼ਾ ਦੇ ਵੀ ਗਿਆਤਾ ਹਨ। ਉਹਨਾਂ ਵਿਦਵਾਨਾਂ ਵਿਚੋ ਡਾ. ਕਿਰਪਾਲ ਸਿੰਘ ਇਕ ਸਨ। ਉਹ 7 ਮਈ ਨੂੰ ਇਸ ਦ੍ਰਿਸ਼ਮਾਨ ਸੰਸਾਰ ਨੂੰ ਅਲਵਿਦਾ ਕਹਿ ਗਏ ਜੋ ਸਮੁੱਚੀ ਸਿੱਖ ਕੌਮ ਅਤੇ ਉਨ੍ਹਾਂ ਦੇ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਡਾ. ਕਿਰਪਾਲ ਸਿੰਘ ਦਾ ਜਨਮ ਗੁੱਜਰਾਂਵਾਲਾ ਵਿਖੇ ਹੋਇਆ। ਗੁੱਜਰਾਂਵਾਲਾ ਵਿਖੇ ਹੀ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ। ਇਸ ਧਰਤੀ ਨੇ ਕਈ ਵਿਦਵਾਨ ਪੰਥ ਦੀ ਝੋਲੀ ਪਾਏ ਹਨ ਜਿਨ੍ਹਾਂ ਵਿਚੋਂ ਪ੍ਰੋਫ਼ੈਸਰ ਨਰਾਇਣ ਸਿੰਘ, ਬਾਵਾ ਹਰਕਿਸ਼ਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਾਲੀ ਦਾਸ ਗੁੱਜਰਾਂਵਾਲਾ, ਕਰਤਾਰ ਸਿੰਘ ਮਲਹੋਤਰਾ, ਤਰਲੋਕ ਸਿੰਘ ਆਈ.ਸੀ.ਐੱਸ, ਇੰਦਰਜੀਤ ਸਿੰਘ, ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਆਦਿ ਪ੍ਰਸਿੱਧ ਨਾਮ ਹਨ। ਡਾ. ਕਿਰਪਾਲ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ 2015 ਵਿਚ ਹੋਈ। ਉਦੋਂ ਉਨ੍ਹਾਂ ਨੇ ਮੈਨੂੰ ਆਸ਼ੀਰਵਾਦ ਦੇ ਕੇ ਕਿਹਾ, "ਬਰਖ਼ੁਰਦਾਰ, ਗੁਰੂ ਅੱਗੇ ਅਰਦਾਸ ਕਰ ਕੇ ਪੀ.ਐੱਚ.ਡੀ ਸ਼ੁਰੂ ਕਰ ਤੇ ਅਰਦਾਸ ਕਰਨ ਤੋਂ ਬਾਅਦ ਪਿੱਛੇ ਨਾ ਹਟੀਂ। ਉਦੋਂ ਮੈਂ ਐੱਮ.ਏ. ਪਾਸ ਕਰ ਚੁੱਕਾ ਸਾਂ ਤੇ ਉਨ੍ਹਾਂ ਦੇ ਹੁਕਮ ਨਾਲ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੀ.ਐੱਚ.ਡੀ. ਕਰਨ ਲੱਗ ਪਿਆ।

2016 ਵਿਚ ਡਾ. ਕਿਰਪਾਲ ਸਿੰਘ ਨੂੰ ਅਮਰੀਕਾ ਵਿਖੇ ਬੜੂ ਸਾਹਿਬ ਵੱਲੋਂ ਬਣਾਈ ਜਾ ਰਹੀ ਅਕਾਲ ਗਲੋਬਲ ਯੂਨੀਵਰਸਿਟੀ ਦੀ ਹਿਸਟਰੀ ਚੇਅਰ ਦਾ ਚੇਅਰਮੈਨ ਲਾਇਆ ਗਿਆ ਤੇ ਨਾਲ ਹੀ ਇਕ ਪ੍ਰੋਜੈਕਟ ਦੇ ਦਿੱਤਾ ਗਿਆ। ਡਾ. ਸਾਹਿਬ ਦੀ ਉਮਰ ਉਸ ਵੇਲੇ 92 ਸਾਲ ਸੀ। ਉਸ ਪ੍ਰੋਜੈਕਟ ਵਿਚ ਉਨ੍ਹਾਂ ਨੇ ਮੈਨੂੰ ਆਪਣੇ ਨਾਲ ਖੋਜ ਸਹਾਇਕ ਵਜੋਂ ਨਿਯੁਕਤ ਕਰ ਦਿੱਤਾ ਤੇ 2016 ਤੋਂ ਲੈ ਕੇ ਡਾ. ਕਿਰਪਾਲ ਸਿੰਘ ਦੇ ਅਖੀਰਲੇ ਸਵਾਸਾਂ ਤਕ ਮੈਂ ਉਨ੍ਹਾਂ ਨਾਲ ਹੀ ਰਿਹਾ। ਜ਼ਿੰਦਗੀ ਦਾ ਇਹ ਤਿੰਨ ਸਾਲ ਦਾ ਸਮਾਂ ਅਜਿਹਾ ਸੀ ਜਿਸ ਵਿਚ ਮੈਨੂੰ ਇਹ ਲੱਗਦਾ ਸੀ ਕਿ ਮੈਂ 1947 ਤੋਂ ਪਹਿਲਾਂ ਵਾਲੇ ਪੰਜਾਬ ਵਿਚ ਰਹਿ ਰਿਹਾ ਹਾਂ। ਦਰਅਸਲ, ਇੰਨੀ ਸਾਦਗੀ, ਮਿਲਾਪੜਾ ਸੁਭਾਅ, ਨਿਮਰਤਾ, ਹਰ ਵੇਲੇ ਕਿਤਾਬਾਂ ਦੇ ਅੰਗ-ਸੰਗ ਰਹਿਣਾ, ਘਰ ਆਏ ਨੂੰ ਵੀ ਬਿਨਾਂ ਕੁਝ ਖੁਆਉਣ-ਪਿਆਉਣ ਦੇ ਨਾ ਜਾਣ ਦੇਣਾ ਆਦਿ ਗੱਲਾਂ ਵੰਡ ਤੋਂ ਪਹਿਲਾਂ ਸੁਣਨ ਨੂੰ ਮਿਲਦੀਆਂ ਸਨ, ਪਰ ਅਜੋਕੇ ਯੁੱਗ ਵਿਚ ਵੀ ਡਾ. ਕਿਰਪਾਲ ਸਿੰਘ ਦੇ ਘਰ ਪੁਰਾਣੀਆਂ ਸਾਰੀਆਂ ਰਵਾਇਤਾਂ ਆਮ ਵੇਖਣ ਨੂੰ ਮਿਲਦੀਆਂ ਸਨ। ਬਹੁਤ ਵਾਰ ਉਨ੍ਹਾਂ ਨੇ ਆਖਣਾ ਕਿ ਇਹ ਵੀ ਗੁਰੂ ਦਾ ਲੰਗਰ ਹੀ ਹੈ ਕਿਉਂਕਿ ਗੁਰੂ ਪ੍ਰਤੀ ਉਨ੍ਹਾਂ ਦੇ ਮਨ ਵਿਚ ਅਥਾਹ ਸ਼ਰਧਾ ਤੇ ਸਤਿਕਾਰ ਸੀ।

ਬਜ਼ੁਰਗ ਅਵਸਥਾ ਵਿਚ ਵੀ ਹਰ ਰੋਜ਼ ਪਹਿਲਾਂ ਨਿਤਨੇਮ ਦਾ ਪਾਠ, ਫਿਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਤੇ ਨਾਲ ਹੀ 10 ਜਾਂ 15 ਅੰਗ ਸਹਿਜ ਪਾਠ ਕਰਕੇ ਹੀ ਕੁਝ ਖਾਣਾ। ਅਸਲ ਵਿਚ ਉਹ ਕਲਮ ਦੇ ਧਨੀ ਤਾਂ ਸਨ ਹੀ, ਨਾਲ ਹੀ ਪੂਰਨ ਗੁਰਸਿੱਖ ਰਹੁ-ਰੀਤ ਦੇ ਧਾਰਨੀ ਵੀ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਤਿੰਨ ਸਿਧਾਂਤਾਂ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਨੂੰ ਸਨਮੁਖ ਰੱਖ ਕੇ ਜੀਵਨ ਬਤੀਤ ਕੀਤਾ।

ਇਕ ਵਾਰ ਡਾ. ਕਿਰਪਾਲ ਸਿੰਘ ਨੇ ਮੈਨੂੰ ਸਿੱਖਿਆ ਦਿੰਦਿਆਂ ਕਿਹਾ, "ਪੁੱਤਰ, ਤੈਨੂੰ ਮੈਂ ਇਕ ਗੱਲ ਸੁਣਾਉਂਦਾ ਹਾਂ। ਸ. ਅਵਤਾਰ ਸਿੰਘ ਮੱਕੜ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ) ਨੇ ਮੈਨੂੰ ਕਿਹਾ ਕਿ ਡਾ. ਸਾਹਿਬ ਤੁਸੀਂ ਐੱਸਜੀਪੀਸੀ ਦਾ ਵੱਡਾ ਪ੍ਰੋਜੈਕਟ ਕਰ ਰਹੇ ਹੋ। ਉਸ ਪ੍ਰੋਜੈਕਟ ਦੇ ਡਾਇਰੈਕਟਰ ਹੋ। ਸਾਰੇ ਡਾਇਰੈਕਟਰ ਸੰਸਥਾ ਵੱਲੋਂ ਗੱਡੀ ਤੇ ਡਰਾਈਵਰ ਲੈਂਦੇ ਹਨ, ਤੁਸੀਂ ਕਿਉਂ ਨਹੀਂ ਲੈਂਦੇ? ਮੈਂ ਜੁਆਬ ਦਿੱਤਾ ਕਿ ਮੇਰੀ ਮਾਂ ਨੇ ਮੈਨੂੰ ਕਿਹਾ ਸੀ ਜਿਹੜੀ ਸੰਸਥਾ ਗੁਰਦੁਆਰਾ ਸਾਹਿਬ ਨਾਲ ਜੁੜੀ ਹੋਵੇ ਉੱਥੇ ਸਿਰਫ਼ ਸੇਵਾ ਕਰਨੀ ਹੈ, ਲੈਣਾ ਕੁਝ ਨਹੀਂ।"

ਡਾ. ਕਿਰਪਾਲ ਸਿੰਘ ਦੁਆਰਾ ਅਕਾਦਮਿਕ ਪੱਧਰ ਤੇ ਕੀਤਾ ਹੋਇਆ ਕੰਮ ਵੀ ਬੇਮਿਸਾਲ ਹੈ। ਉਨ੍ਹਾਂ ਨੇ 70 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਅਤੇ ਉਨ੍ਹਾਂ ਸਭ ਤੋਂ ਮਹੱਤਵਪੂਰਨ ਕੰਮ ਪੰਜਾਬ ਦੀ ਵੰਡ ਉੱਤੇ ਕੀਤਾ। ਉਹ ਉਸ ਸਮੇਂ ਦੇ ਚਸ਼ਮਦੀਦ ਗਵਾਹ ਸਨ। ਉਨ੍ਹਾਂ ਉਸ ਸਮੇਂ ਨੂੰ ਆਪਣੇ ਪਿੰਡੇ ਤੇ ਹੰਢਾਇਆ ਤੇ ਵੱਖੋ-ਵੱਖਰੇ ਰਫ਼ਿਊਜੀ ਕੈਂਪਾਂ, ਦਫ਼ਤਰਾਂ ਵਿਚ ਜਾ ਕੇ ਰਿਕਾਰਡ ਹਾਸਲ ਕੀਤੇ।

1966 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਵੰਡ ਦੇ ਵਿਸ਼ੇ ਉੱਤੇ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ। ਉਨ੍ਹਾਂ ਖੋਜ ਕਾਰਜ ਦੀ ਸ਼ੁਰੂਆਤ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਕੀਤੀ ਤੇ ਲਗਾਤਾਰ ਆਖ਼ਰੀ ਸੁਆਸ ਤਕ ਖੋਜ ਕਰਦੇ ਰਹੇ। ਜਿਸ ਦਿਨ ਉਨ੍ਹਾਂ ਦਾ ਦੇਹਾਂਤ ਹੋਇਆ ਉਸੇ ਦਿਨ ਹੀ ਉਨ੍ਹਾਂ ਦੀ ਨਵੀਂ ਕਿਤਾਬ 'ਹੂ ਵਾਜ਼ ਰਿਸਪੌਂਸੀਬਲ ਫੌਰ ਦਿ ਪੰਜਾਬ ਟਰੈਜਡੀ ਔਫ 1947? (Who was Responsible for the Punjab Tragedy of 1947?)' ਛਪ ਕੇ ਆਈ। ਇਸ ਕਿਤਾਬ ਬਾਰੇ ਉਹ ਆਖਦੇ ਸਨ ਕਿ ਇਹ ਕਿਤਾਬ ਮੇਰੀ ਸਾਰੀ ਜ਼ਿੰਦਗੀ ਦੀ ਕਮਾਈ ਹੈ।

ਡਾ. ਕਿਰਪਾਲ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆ ਗਏ ਤੇ ਇੱਥੇ ਪੰਜਾਬ ਹਿਸਟੋਰੀਕਲ ਡਿਪਾਰਟਮੈਂਟ ਦੇ ਮੁਖੀ ਦੇ ਅਹੁਦੇ ਤੋਂ ਸੇਵਾਮੁਕਤ ਹੋ ਕੇ ਚੰਡੀਗੜ੍ਹ ਚਲੇ ਗਏ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਵਿਚ ਮੌਖਿਕ ਇਤਿਹਾਸ ਸੈੱਲ ਸਥਾਪਿਤ ਕੀਤਾ ਜੋ ਇਕ ਨਿਵੇਕਲਾ ਕਾਰਜ ਸੀ। ਇਸੇ ਵਿਸ਼ੇ , ਅਧੀਨ ਡਾ. ਕਿਰਪਾਲ ਸਿੰਘ ਦੀ ਕਿਤਾਬ 'ਪੰਜਾਬ ਦੇ ਸਮਕਾਲੀ ਇਤਿਹਾਸ ਦੇ ਮੌਖਿਕ ਸਰੋਤ' ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਹੋਈ। ਚੰਡੀਗੜ੍ਹ ਆ ਕੇ ਵੀ ਉਨ੍ਹਾਂ ਨੇ ਇਤਿਹਾਸਕ ਖੋਜ ਦਾ ਕੰਮ ਛੱਡਿਆ ਨਹੀਂ ਸਗੋਂ ਹੋਰ ਤੇਜ਼ ਕਰ ਦਿੱਤਾ। ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵਿਚ ਉਨ੍ਹਾਂ ਨੇ ਡਾ. ਖੜਕ ਸਿੰਘ ਨਾਲ ਮਿਲ ਕੇ "ਹਿਸਟਰੀ ਆਫ ਦਿ ਸਿੱਖਸ ਐਂਡ ਦੇਅਰ ਰਿਲੀਜਨ (History of the Sikhs & Their Religion) ਦੇ ਦੋ ਭਾਗ ਪ੍ਰਕਾਸ਼ਿਤ ਕਰਵਾਏ ਤੇ ਤੀਜਾ ਭਾਗ ਹੁਣ ਛਪਾਈ ਅਧੀਨ ਹੈ।

ਡਾ. ਕਿਰਪਾਲ ਸਿੰਘ ਆਪਣੇ ਅੰਤਲੇ ਸਮੇਂ (95 ਸਾਲ ਦੀ ਉਮਰ ਵਿਚ ਵੀ ਬੜੂ ਸਾਹਿਬ ਦਾ ਪ੍ਰੋਜੈਕਟ, ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਕਿਤਾਬਾਂ ਦਾ ਪ੍ਰੋਜੈਕਟ ਤੇ ਐੱਸਜੀਪੀਸੀ ਦਾ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਪ੍ਰੋਜੈਕਟ ਕਰ ਰਹੇ ਸਨ। ਉਂਜ, ਕੁਝ ਮਹੀਨੇ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਕੁਝ ਕਾਰਨਾਂ ਕਰਕੇ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਪ੍ਰੋਜੈਕਟ ਉਨ੍ਹਾਂ ਤੋਂ ਵਾਪਸ ਲੈ ਲਿਆ ਸੀ। ਇਸ ਗੱਲ ਦਾ ਅਫ਼ਸੋਸ ਉਨ੍ਹਾਂ ਨੂੰ ਆਪਣੇ ਅੰਤਲੇ ਸੁਆਸਾਂ ਤਕ ਰਿਹਾ ਕਿਉਂਕਿ ਆਖ਼ਰੀ ਦਿਨਾਂ ਵਿਚ ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਮੇਰੇ ਕੋਲ ਤੇ ਆਪਣੇ ਪਰਿਵਾਰ ਕੋਲ ਕਈ ਵਾਰ ਕੀਤਾ।

ਇਹ ਪ੍ਰੋਜੈਕਟ ਡਾ. ਕਿਰਪਾਲ ਸਿੰਘ ਤੇ ਡਾ. ਖੜਕ ਸਿੰਘ ਨੇ ਸ਼ੁਰੂ ਕੀਤਾ ਸੀ। ਡਾ. ਕਿਰਪਾਲ ਸਿੰਘ ਨੇ ਆਪਣੀ ਜ਼ਿੰਦਗੀ ਦੇ 17 ਸਾਲ ਇਸ ਪ੍ਰੋਜੈਕਟ ਨੂੰ ਦਿੱਤੇ ਤੇ ਬੜੀ ਮਿਹਨਤ ਨਾਲ 21 ਜਿਲਦਾਂ ਸੰਪਾਦਿਤ ਕੀਤੀਆਂ। ਮੇਰੀ ਜਾਚੇ ਆਖ਼ਰੀ ਉਮਰੇ ਉਨ੍ਹਾਂ ਤੋਂ ਪ੍ਰੋਜੈਕਟ ਵਾਪਸ ਲੈਣਾ ਮੰਦਭਾਗਾ ਫ਼ੈਸਲਾ ਸੀ। ਉਨ੍ਹਾਂ ਨੇ ਸਾਰੀ ਉਮਰ ਸਿੱਖ ਇਤਿਹਾਸ ਦੀ ਹੀ ਸੇਵਾ ਕੀਤੀ। ਉਨ੍ਹਾਂ ਦੀ ਤਸਵੀਰ ਸਿੱਖ ਅਜਾਇਬਘਰ, ਅੰਮ੍ਰਿਤਸਰ ਵਿਖੇ ਵੀ ਲੱਗਣੀ ਚਾਹੀਦੀ ਹੈ ਕਿਉਂਕਿ ਅਜਿਹੇ ਯੁੱਗ ਪੁਰਸ਼ ਵਿਰਲੇ ਹੀ ਪੈਦਾ ਹੁੰਦੇ ਹਨ। ਇਹੀ ਡਾ. ਕਿਰਪਾਲ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸੰਪ:970970-00004

ਪਦਾਰਥਾਂ ਦੇ ਮਾਲਕ

✍️– ਮਾ. ਨਿਹਾਲ ਸਿੰਘ

ਪੱਛਮ ਵਿਚ ਸੂਰਜ ਅਸਤ ਹੋਣ ਨਾਲ ਹੀ ਲਾਹੌਰ ਵਲੋਂ ਬੜੀ ਲਾਲੀ ਦਿਸਣ ਲੱਗ ਪਈ। ਧੀਰੇ ਧੀਰੇ ਇਹ ਲਾਲਗੀ ਰੋਸ਼ਨੀ ਵਿਚ ਬਦਲ ਗਈ। ਮਰਦ ਤੀਵੀਆਂ ਕੋਠਿਆਂ ਦੀਆਂ ਛੱਤਾਂ ਤੇ ਚੜ ਚੜ ਤੱਕਣ ਲਗ ਪਏ । ਉਪਰ ਚੜੇ ਤਾਂ ਪਤਾ ਲੱਗਾ ਕਿ ਇਹ ਅੱਗ ਹੈ। ਅੱਗ !! ਅਤੇ ਅੱਗ ਵੀ ਇਤਨੇ ਜ਼ੋਰ ਦੀ ਹੈ, ਕਿ ਅਜੇਹਾ ਹੋ ਰਿਹਾ ਸੀ, ਕਿ ਇਸ ਅਗਨੀ ਨੇ ਆਕਾਸ਼ ਨੂੰ ਫੂਕਣ ਦੀ ਠਾਣ ਲਈ ਹੈ। ਭਾਵੇਂ ਧੂੰਏਂ ਨੇ ਲਾਹੌਰ ਉੱਪਰ ਇੱਕ ਨਵਾਂ ਤਬਕ ਬਣਾ ਦਿੱਤਾ ਸੀ, ਮਗਰ ਇਹ ਅਗਨ ਜੀਭਾਂ ਨਾਲ ਚੰਗਾੜੇ ਸੁੱਟ-ਸੁੱਟ ਅਤੇ ਵੱਡੇ-ਵੱਡੇ ਸਾਹ ਲੈ ਲੈ ਉਸ ਤਬਕ ਨੂੰ ਵੀ ਉਡਾਣ ਦੇ ਆਹਰ ਵਿਚ ਸੀ।

ਇਹ ਤੱਕ ਦਰਸ਼ਕਾਂ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ। ਇਹ ਓਸ ਸਮੇਂ ਦਾ ਹਾਲ ਏ, ਜਦੋਂ ਅਜੇ ਫਾਇਰ ਬਰਗੇਡ ਪਰਚਲਤ ਨਹੀਂ ਸਨ ਹੋਏ। ਕਿਸੇ ਆਪਣੇ ਘਰ ਬਚਾਉਣ ਹਿੱਤ,ਅਤੇ ਕਈ ਹਮਦਰਦੀ ਨਾਲ ਮੁਹੱਲੇ ਨੂੰ ਬਚਾਉਣ ਵਾਸਤੇ ਜੋ ਹੱਥ ਆਇਆ, ਡੋਲ, ਗੜਵਾ, ਬਾਲਟੀ, ਗਾਗਰ, ਲੈ ਉਠ ਦੌੜਿਆ ਅਤੇ ਅੱਗ ਨਾਲ ਲੜਾਈ ਆਰੰਭ ਦਿੱਤੀ। ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਇਹ ਇਕ ਕਾਰਖਾਨਾ ਹੈ, ਅਤੇ ਕਾਰਖਾਨਾ ਵੀ ਇਕ ਕੂਕੇ ਦਾ ਹੈ, ਜਿਸ ਕਦੇ ਕਿਸੇ ਨਾਲ ਵਲ ਨਹੀਂ ਕੀਤਾ, ਛਲ ਨਹੀਂ ਵਰਤਿਆ, ਤਾਂ ਜਾਨਾਂ ਹੂਲ ਜੁੱਟ ਪਏ। ਕੀ ਮਰਦ ਕੀ ਇਸਤਰੀ ਸਭ ਦੇ ਸਿਰ ਤੋਂ ਲੈ ਕੇ ਪੈਰਾਂ ਤੀਕ ਮੁੜਕੇ ਦੀਆਂ ਕੱਸੀਆਂ ਵਗਦੀਆਂ ਦਿਖਾਈ ਦੇਣ ਲਗ ਪਈਆਂ। ਸਭ ਦੇ ਪੈਰ ਤੇ ਸਭ ਹੱਥ, ਮਸ਼ੀਨਾਂ ਵਾਂਗੂੰ ਕੰਮ ਕਰਦੇ ਨਜ਼ਰੀਂ ਆਏ । ਪਰ ਬਿਧਾਤਾ ਦੀ ਲਿਖੀ ਕੌਣ ਮੇਟ ਸਕਦਾ ਹੈ। ਹੋਰ ਮਦਦ ਦੇ ਆਉਣ ਤੋਂ ਪਹਿਲਾਂ ਪਹਿਲ, ਕਾਰਖਾਨਾ ਸੜ ਗਿਆ, ਲੋਹਾ ਢਲ ਗਿਆ, ਗਾਰਡਰ ਵਿੰਗੇ ਹੋ ਗਏ, ਮਸ਼ੀਨਾਂ ਕੁੱਬੀਆਂ ਹੋ ਗਈਆਂ ਤੇ ਸਾਮਾਨ ਸੜ ਕੇ ਸਵਾਹ ਹੋ ਗਿਆ । ਹਿੰਦੂ, ਸਿੱਖ, ਮੁਸਲਮਾਨ ਆਪੋ ਵਿਚ ਹੈਰਾਨਗੀ ਨਾਲ ਵਿਚਾਰਾਂ ਕਰ ਰਹੇ ਸਨ।

ਭਾਈ ! ਮੌਲਾ ਦਾ ਕੋਈ ਪਤਾ ਨਹੀਂ ਲਗਦਾ। ਚੰਗੇ ਮਾੜੇ ਦੀ ਤਮੀਜ਼ ਨਹੀਂ ਜਾਪਦੀ, ਸਿੱਖ ਕੇਡਾ ਭਲ਼ਾ ਲੋਕ ਏ ! ਇਸਨੂੰ ਇਹ ਸੰਕਟ ਕਿਉਂ ? ਹਾਂ ਭਾਈ, ਈਸ਼ਵਰ ਵੀ ਭਗਤਾਂ ਦੀ ਪਰੀਖਿਆ ਕਰਦਾ ਏ,' ਇਕ ਹਿੰਦੂ ਸਾਹਿਬ ਨੇ ਕਿਹਾ । ਮਗਰ ਭਾਈ ਦੇਵਾ ਸਿੰਘ ਜੀ ਕਿਸੇ ਰੰਗ ਵਿਚ ਹਨ। ਮੱਥੇ ਤੇ ਖੇੜਾ ਸੀ, ਰਸਨਾ ਤੇ ਸ਼ੁਕਰ ਸੀ, ਅਤੇ ਸਭ ਨੂੰ ਕਹਿ ਰਹੇ ਸਨ ਭਾਣਾ ਮੰਨੋ, ਇਹ ਤਾਂ ਮੇਰੇ ਸਤਿਗੁਰ ਦੇ ਚੋਜ ਹਨ। ਹਰ ਵੇਲੇ ਉਸਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ, ਜੋ ਮਿਲਿਆ ਸ਼ੁਕਰ ਕਰਨਾ ਹੈ। ਇਹ ਤਾਂ ਬਿਰਤੀ ਕੁੱਤੇ ਦੀ ਹੈ, ਜੇ ਮਿਲ ਗਿਆ ਤੇ ਸ਼ੁਕਰ, ਜੇ ਨਾ ਮਿਲਿਆ ਤਾਂ ਸਬਰ। ਅਸਲ ਮਨੁੱਖਤਾਈ ਤਾਂ ਇਹ ਹੈ, ਮਿਲ ਜਾਏ ਤਾਂ ਸ਼ੁਕਰ, ਜੇ ਖੋਹ ਲਵੇ ਤਾਂ ਸਬਰ। ਭਾਈ ਜੀ ਦਾ ਉਪਦੇਸ਼ ਸੁਣ ਖਲਕਤ ਘਰਾਂ ਨੂੰ ਮੁੜ ਗਈ ਤੇ ਭਾਈ ਸਾਹਿਬ ਕੀਰਤਨ ਸੋਹਿਲੇ ਦਾ ਪਾਠ ਕਰ ਬਰਾਜ ਗਏ।

ਅਗਲੀ ਭਲਕ ਭਾਈ ਸਾਹਿਬ ਜੀ ਤੜਕੇ ਇਸ਼ਨਾਨ ਕੀਤਾ, ਮਾਲਾ ਫੇਰੀ, ਬਾਣੀ ਪੜੀ ਅਤੇ ਪ੍ਰਸ਼ਾਦ ਛਕ ਟੁਰ ਪਏ। ਕਿਧਰ ? ਨਾਰਲੀ । ਕਾਹਦੇ ਵਾਸਤੇ ? ਓਥੇ ਰਹਿੰਦੇ ਹਨ, ਸ. ਬਘੇਲ ਸਿੰਘ ਜੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਭੌਰੇ। ਸੰਤ ਜੀ ਜਾ ਰਹੇ ਹਨ। ਮਾਲਾ ਫੇਰਦੇ, ਮਨ ਵਿਚ ਸੁਦਾਮੇ ਵਾਂਗੂੰ ਗਿਟੀਆਂ ਨਹੀਂ ਗਿਣਦੇ ਜਾਂਦੇ। ਸਗੋਂ ਇਉਂ ਜਾ ਰਹੇ ਹਨ ਜਿਵੇਂ ਧਨੀ ਆਪਣਾ ਰੁਪਿਆ ਬੈਂਕ ਵਿਚੋਂ ਕਢਵਾਉਣ ਜਾਂਦਾ ਹੈ

ਭਾਈ ਦੇਵਾ ਸਿੰਘ ਜੀ ਚਲੇ ਗਏ, ਸਰਦਾਰ ਜੀ ਦੇ ਘਰ, ਬਿਨਾ ਰੋਕ ਟੋਕ, ਬਿਨਾ ਆਵਾਜ਼ ਦਿੱਤੇ, ਅੱਗੋਂ ਕੋਈ ਕੁੱਤਾ ਵੀ ਨਹੀਂ ਭੌਂਕਿਆ। ਅਗੋਂ ਸਰਦਾਰ ਜੀ ਉੱਠ ਕੇ ਮਿਲੇ।

ਚਰਨੀਂ ਹੱਥ ਲਾਇਆ। ਸਰਦਾਰ ਜੀ ਦੇ ਬੱਚੇ ਆਏ, ਉਨ੍ਹਾਂ ਵੀ ਆਕੇ ਚਰਨਾਂ ਤੇ ਸੀਸ ਰੱਖ ਵਾਰੀ ਵਾਰੀ ਮੱਥਾ ਟੇਕਿਆ। ਸਰਦਾਰ ਜੀ ਦੇ ਮਹਿਲ, ਦੇਵੀ ਰੂਪ ਮੂੰਹ ਤੇ ਕੋਈ ਘੁੰਡ ਨਹੀਂ, ਸੰਗ ਨਹੀਂ, ਨੀਵੀਂ ਨਜ਼ਰੀਂ ਆਏ ਅਤੇ ਸਤਿਕਾਰ ਨਾਲ ਚਰਨਾਂ ਤੇ ਸੀਸ ਰੱਖ ਸਤਿ ਸ੍ਰੀ ਅਕਾਲ ਬੁਲਾਈ।

ਸਰਦਾਰ ਜੀ ਨੇ ਮੰਜਾ ਡਹਾਇਆ, ਉੱਤੇ ਆਸਣ ਵਿਛਾਇਆ, ਆਦਰ ਨਾਲ ਬਿਠਾਇਆ, ਖੱਬੇ ਹੱਥ ਸਰਦਾਰ ਹੋਰੀਂ ਆਪ ਬਹਿ ਗਏ ਤੇ ਮੂੰਹੋਂ ਕਿਹਾ ਧੰਨ ਭਾਗ ! ਜੀ ਆਇਆਂ ਨੂੰ ! ਬੜੀ ਕਿਰਪਾ ਕੀਤੀ ਜੇ, ਇਤਨੇ ਨੂੰ ਸਰਦਾਰਨੀ ਦੁੱਧ ਦਾ ਛੰਨਾ, ਮਿੱਠਾ ਪਾ ਲੈ ਆਈ। ਸੰਤ ਜੀ ਪੰਜ ਇਸ਼ਨਾਨਾ ਕੀਤਾ, ਦੁੱਧ ਛਕਿਆ ਤੇ ਆਰਾਮ ਕਰਨ ਲਈ ਬਿਰਾਜ ਗਏ। ਦੁਪਹਿਰ ਢਲ ਗਈ, ਮਾਈਆਂ ਰਾਤ ਦੇ ਪਰਸ਼ਾਦੇ ਲਈ ਕੰਨੀਆਂ ਧੋਣ ਲੱਗ ਪਈਆਂ, ਸੰਤ ਆਰਾਮ ਕਰ ਉੱਠੇ, ਸਰਦਾਰ ਜੀ ਬਚਨ ਕੀਤਾ, 'ਸਾਡੇ ਧੰਨ ਭਾਗ ! ਤੁਸਾਂ ਚਰਨ ਪਾਏ ਬੜੀ ਕ੍ਰਿਪਾ ਕੀਤੀ ਜੇ। ਕਿਰਪਾ ਤਾਂ ਸਤਿਗੁਰੂ ਜੀ ਦੀ ਹੈ। ਕੱਲ੍ਹ ਸਤਿਗੁਰਾਂ ਖੇਡ ਵਰਤਾਈ ਏ। ਕਾਰਖਾਨੇ ਨੂੰ ਅੱਗ ਲੱਗ ਗਈ। ਕੱਚਾ ਪੱਕਾ ਮਾਲ ਸਭ ਅੱਗ ਨੇ ਸਾਂਭ ਲਿਆ, ਕੁਝ ਮਾਇਆ ਦੀ ਲੋੜ ਏ। ਕਿੰਨੀ ਕੁ ?' 36,000 ਰੁਪਿਆ।

ਧੰਨ ਸਤਿਗੁਰੂ ਰਾਮ ਸਿੰਘ ਜੀ ! ਧੰਨ ਸਤਿਗੁਰੂ ਰਾਮ ਸਿੰਘ ਜੀ, ਜਿਸ ਨੇ ਪ੍ਰਮੇਸ਼ਰ ਘੱਲਿਆ ਏ। ਸਰਦਾਰਨੀਏ, ਲਿਆ ਚਾਬੀਆਂ, ਘਰ ਦੀ ਮਾਲਿਕਾ ਦੇਵੀ ਨੇ ਉਜ਼ਰ ਨਹੀਂ ਕੀਤਾ, ਝੱਟ ਆਲੇ ਵਿਚੋਂ ਪੇਟੀ ਦੀਆਂ ਚਾਬੀਆਂ ਕਢ ਫੜਾਈਆਂ। ਸੰਤ ਜੀ ਲਓ ਗਿਣ ਲਓ, ਜਿੰਨੀ ਲੋੜ ਜੇ। ਸ. ਬਘੇਲ ਸਿੰਘ ਜੀ, ਚਾਬੀਆਂ ਭਾਈ ਹੋਰਾਂ ਨੂੰ ਫੜਾਂਦਿਆਂ ਕਿਹਾ। ਭਾਈ ਦੇਵਾ ਸਿੰਘ ਜੀ ਵੀ ਸਰਦਾਰ ਜੀ ਦੀ ਇਹ ਦਸ਼ਾ ਵੇਖ ਮਸਤੀ ਵਿਚ ਆ ਗਏ। ਉੱਠੇ ਅਤੇ ਲੋੜ ਅਨੁਸਾਰ ਰੁਪਿਆ ਗਿਣ ਲਿਆ ਅਤੇ ਮੁੜ ਅਰਜ਼ ਕੀਤੀ 'ਸਰਦਾਰ ਜੀ ! ਕੋਈ ਨਾਵਾਂ ਪੱਤਰਾ ?'

'ਸਰਦਾਰ ਜੀ ! ਵਾਹ ਭਈ ਵਾਹ ! ਇਹ ਮਾਇਆ ਕਿਸਦੀ ਏ ? ਇਹ ਧਨ, ਦੌਲਤ, ਰੁਪਿਆ, ਪੈਸਾ, ਮੱਝਾਂ, ਗਊਆਂ, ਘੜੇ ਕਿਸਦੇ ਹਨ ? ਇਹ ਸਭ ਮਾਇਆ ਸਤਿਗੁਰੂ ਰਾਮ ਸਿੰਘ ਜੀ ਦੀ ਹੈ । ਤੂੰ ਵੀ ਉਹਨਾਂ ਦਾ ਚਰਨ ਭੌਰਾ । ਮੈਂ ਵੀ ਓਸੇ ਦਰ ਦਾ ਕੂਕਰ । ਫੇਰ ਲਿਖਤ ਕਾਹਦੀ ? ਤੇ ਪੜ੍ਹਤ ਕਾਹਦੀ ? ਤੇ ਨਾਵਾਂ ਪੱਤਰਾ ਕਿਸ ਗੱਲ ਦਾ ? ਭਾਈ ਦੇਵਾ ਸਿੰਘ ਜੀ ਰੁਪਿਆ ਖੁਰਜੀਆਂ ਵਿਚ ਪਾਇਆ । ਰਾਤ ਵੀ ਓਥੇ ਭਜਨ ਬਾਣੀ ਤੇ ਸ਼ਬਦ ਕੀਰਤਨ ਕਰਦਿਆਂ ਗੁਜ਼ਾਰੀ। ਸਵੇਰ ਸਾਰ ਸਰਦਾਰ ਜੀ ਘੋੜਾ ਦਿੱਤਾ, ਉੱਤੇ ਮਾਲ ਲਦਾਇਆ ਅਤੇ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਕਹਿ ਵਿਦਾ ਹੋਏ । ਪੂਰਬ ਵਲੋਂ ਸੂਰਜ ਭਗਵਾਨ ਸੋਨੇ ਦਾ ਥਾਲ ਲਈ ਆ ਰਿਹਾ ਸੀ ਤੇ ਪੱਛਮ ਵਲ ਤਾਰੇ ਛਪ ਰਹੇ ਸਨ । ਪੌਣ ਰਾਣੀ ਸਮੂਹ ਪਸ਼ੂ ਪੰਛੀਆਂ ਨੂੰ ਸੁਨੇਹਾ ਦੇਂਦੀ ਜਾ ਰਹੀ ਸੀ, 'ਇਸ ਧਨ ਪਦਾਰਥ ਦੇ ਮਾਲਿਕ ਹਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ! ਭਾਈ ! ਤੂੰ ਉਸਦੇ ਚਰਨਾਂ ਦਾ ਭੌਰਾ, ਤੇ ਮੈਂ ਵੀ ਓਸੇ ਦੇ ਦਰ ਦਾ ਕੂਕਰ ।

"ਮੇਰੀ ਅਰਦਾਸ"

ਸਵੱਯਾ ਹੇ ਜਗਜੀਤ, ਅਜੀਤ ਮਹਾਂ ਗੁਰੁ,
ਜੀਤ ਰਹੋ ਜੱਗ ਭੀਤ ਸਦਾ ਹੀ॥
ਅਜੀਤ ਮਿਰੋ ਮਨ, ਪ੍ਰੀਤ ਗ੍ਰਸੈ ਤਵ,
ਮੀਚ ਰਹੈ ਅਨ ਮੀਤ ਨਕੋ,
ਦ੍ਰਿਗ ਬੀਚ ਬਸੈ ਤੁਮਰੀ ਪ੍ਰਤਿਮਾ ਹੀ॥
ਪ੍ਰੀਤਿ ਵਿਪ੍ਰੀਤ ਨ ਹੋ ਕਬਹੂੰ,
ਦ੍ਰਿੜ੍ਹ ਚੀਭ ਰਹੈ ਨਹੀ ਔਰ ਚਿਤਾਹੀ॥
ਪ੍ਰਾਣ ਚਹੈ ਜਬ ਦੇਹਿ ਤਿਆਗਣ,
ਤਬ ਸੀਸ ਪਰੈ ਰਾਵਰ ਕੇ ਪਾਂਹੀ॥
ਫੇਰ ਨ ਫੇਰਨ ਮੋਂ ਪਰ ਹੋਂ,
ਮਰਹੋਂ ਇਵ, ਫੇਰ ਨ ਮਰਨਾ ਪਾਹੀ॥
ਹੋਂਦ ਨ ਹੋਇ ਕਛੂ ਫਿਰ ਮੇਰੀ,
ਰਹੈ ਰਜ ਹੈ ਚਰਨਨ ਲਿਪਟਾਰੀ॥
ਬੇਦ ਨ ਭੇਦ ਲਖੈ ਜਿਹ ਚਰਨਨ,
ਕਿਵ ਕੀਟ "ਪਨੇਸਰ" ਵਰਨਨ ਜਾਹੀ॥

ਸੰਤ ਬ੍ਰਹਮਾ ਸਿੰਘ ਪਨੇਸਰ

Sri Satguru Jagjit Singh Ji Elibrary NamdhariElibrary@gmail.com

MOTHER OF FREEDOM MOVEMENTS

- HUMAYUN KABIR

The establishment of British power in India was a long and protracted process and was possible mainly because of the two factors. The Industrial Revolution, which followed in the wake of scientific advance of the West, had given the British a superior technology. This was reflected not only in a better quality of armaments but also in superior organisation and use of manpower. The increasing prosperity of Europe also led to an improvement in the quality of the individual and as a result the average European then showed a greater degree of enterprise, initiative and self confidence than his Indian counterpart.

The second factor responsible for the Success of the British was the Indian failure to present a united front. There were regional and religious differences and rivalries. In the same region and within the same community, people were divided against one another and more often than not one party helped the British to defeat the other. It is true that the British had superior technology and better organization, but even then, without widespread Indian support, it would have been almost impossible for them to establish their domination over such a vast country.

It took the British over a hundred years to consolidate their power in India. During this period there were many and repeated attempts by individuals and groups to challenge their domination. These challenges failed because of the two factors mentioned above, but nevertheless each attempt to oppose the spreading British influence left in its wake islands of resistance, in different parts of the country. Every time a revolt or uprising was put down, the British took measures of extreme repression. This often demoralised the masses, but its effect on the more militant sections was to make them even more determined in their opposition to foreign rule.

The great revolt of 1857 was the large organized effort to overthrow British power, but it also failed because of internal dissensions and weak leadership. The issues were not correctly chosen. Except for parts of Oudh, it was largely a rebellion of the feudal elements who sought to restore their old social, political and military power, Again, except in Oudh, the mass of people did not respond as they had little love for feudal elements which had oppressed them for generations. The newly rising middle classes were attracted by the scientific advance of the West and its industrial prosperity and remained aloof. Without the backing of the masses and the intellectual classes, the revolt was perhaps foredoomed. Intrusion of religious elements was also a Cause of ultimate defeat. The Emperor Bahadur Shah was chosen as the symbol of revolt, but he was an old man long past his prime and could not give the movement the energetic and forward looking leadership which alone could have led

to success.

One of the most interesting efforts to expel the British was the Kuka Movement initiated on 12th April 1857 by Guru Ram Singh. He was a simple peasant, but had great personal qualities which attracted the loyalty and allegiance of large sections of people in the Punjab. It was said that his coming had been foretold in Sikh prophecies and his followers claimed that he was an incarnation of Guru Gobind Singh. A man of the people, Bhai Ram Singh knew of the hardships and suffering of the ordinary peasant and based his movement on a redress of their grievances. He had served as soldier in the Sikh Army and had been influenced by the idea of Sikh dominion over the Punjab. With his deep insight into human character, he realised that neither political liberation nor social and economic upliftment would be possible without an improvement in the quality of the individual. He therefore placed great stress on moral qualities and sought to inculcate in his followers a spirit of religious devotion and service

Within a few years Bhai Ram Singh developed into Guru Ram Singh with a considerable following in Ludhiana and adjoining areas. His ultimate aim was wide and he had visions of the return of the days of Sikh power in North-West India. A great socio-economic and political movement was, however, deflected from its major objective by its attachment to minor religious practices. It is unfortunate that the first expression of the movement was an attack on the butchers of Amritsar which was followed by a similar attack in Raikot. The Government reacted by executing some Kukas and imposing restrictions on the movement of Guru Ram Singh. A more serious development was the Kuka attack on Maler-Kotla which led to savage reprisal by the Government. In fact, the action of local officers was so severe that the Central Government felt it necessary to punish some of them. The Government did not, however, wish to take any chances and Guru Ram Singh was exiled to Burma.

The movement suffered a severe setback, but it must be said to the credit of the Kukas that they were not easily deflected from their political aims. They tried to establish contacts with Indian rulers and made attempts secretly to enter the armed forces of Kashmir and Nepal. There were even attempts to establish contacts with Russia and some Kuka leaders showed great courage and daring in undertaking perilous journeys for securing Russian help. During this period, the political character of the movement became more dominant, but its character as a movement for social and moral reform was never lost.

It is true that the Kuka Movement left a permanent impression on a large section of the Sikhs. The insistence of Guru Ram Singh on self-help helped in developing among them their system of justice and communication. This was a considerable achievement in view of the prevailing circumstances. Even more remarkable was the Kuka insistence on growth of indigenous agriculture and trade. In some respects, Guru Ram Singh had anticipated the non-cooperation movement of 1921 in his idea of boycott of British institutions in the country. The Kuka movement directly influenced the Ghadar and all other political movements of freedom in the country in early twentieth century.

A SAGA OF
SRI SATGURU JAGJIT SINGH JI

✍ –Dr. Sharada Jayagovind

Satguru Partap Singh ji's Contribution to Spirituality

When Satguru Partap Singh ji ascended the throne in 1906, he had the immense task of creating a unique Namdhari Sikh identity. He had to strengthen the religious fervour and faith ignited in the hearts of the Namdharis by the previous Gurus.

From 1923 onwards, the British rulers relaxed the restrictions imposed on the Namdharis and Satguru Partap Singh ji speeded the pace of religious and spiritual activities. It was during this time that Satguru Partap Singh ji urged the Namdharis to perform their daily one hour naam simran and follow the maryada strictly. He was so firm with his sangat that if any Namdhari failed in his duty, he was called to confess his sin in front of the sangat and seek the pardon of the Guru.

Some of Satguru Partap Singh ji's discourses indicate how the Guru instilled the fear of God and the dire consequences if the sangat did not follow the maryada. It may sound mundane but Satguru jis discourses attend to minute details of everyday life.

Some of Satguru Partap Singh ji's discourses indicate how the Guru instilled the fear of God and the dire consequences if the sangat did not follow the maryada. It may sound mundane but Satguru ji's discourses attend to minute details of everyday life.

He asked Namdhari mothers to get up early in the morning and bathe the children from head to toe. The Guru repeated the benefits of the Namdhari Sikh way of life and told them to wear white clothes and the white round turban. He prohibited them from drinking tea, eating paan, smoking, consuming non vegetarian food and alcohol.

He advised the women to avoid being fashionable and asked them to wear Namdhari attire. He asked them not to cover their faces with a veil. The Satguru ji did not approve of women and children wasting their time watching films. Instead, he motivated them to contemplate and meditate on the naam and read the Gurbani.

Satguru ji's updesh to the Namdharis settled in Thailand shows a special concern for the expatriates that they should not be corrupted by the ways of the world. He tells them to eat only homemade food and use water from natural sources. He says:

"Avoid taking food from non-vegetarian shops."

Satguru Partap Singh ji advised Namdharis abroad to live in amity with Sikhs, Hindus and other Indians and to celebrate festivals together. He kept repeating to them that the polluted mind can only be purified by the naam. He spoke of the love for the motherland and love for the cows.

It was a practice among the Namdharis living abroad to come in large numbers in their cars to the airport and receive the Guru. They spent lavishly on welcoming him. Satguru Partap Singh ji advised them against extravagance and said:

"Instead of wasting money on pomp and show, save it and donate it to your brothers in India."

That was the time of Partition and the advice of the Satguru paid rich dividends. The devotees from Thailand sent clothes and financially supported the Sikhs in Punjab.

It was during Satguru Partap Singh ji's time that lakhs of akhand paaths and paaths of Dasam Granth Sahib ji were performed. The annual jap paryog was established firmly during his time. A great havan yajna with recitation of 1,25,000 verses of Chandi di Vaar was completed twice during the period of Satguru Partap Singh ji.

Baba ji, who grew up listening to his father's updesh, internalised this spiritual fervour and realized that sincere faith in naam and Satguru empowers an individual. Satguru Partap Singh ji told Baba ji that even if he had to sell all their property, the Gurbani paath should never be stopped. It had been started for the welfare of the Namdhari community and the return of Satguru Ram Singh ji. Even today, at Sri Jiwan Nagar and Sri Bhaini Sahib these Gurbani paaths continue.

to be continue.......

ਕਾਵਿ-ਕਿਆਰੀ

ਜੰਗਲ ਵਿਚ

-ਸੁਰਜੀਤ ਪਾਤਰ

ਇਹ ਪਤਾ ਨਈ ਸੱਚ ਹੈ
ਜਾਂ ਭਉਲਾ ਮੇਰੀ ਨਜ਼ਰ ਦਾ
ਕਿ ਹਵਾ ਵਿਚ ਝੰਡੇ ਝੁਲਾਉਂਦਾ
ਬੰਦਿਆਂ ਦਾ ਇਕ ਟੋਲਾ
ਕੱਲ੍ਹ ਮੈਂ ਜੰਗਲ 'ਚ ਆਉਂਦਾ ਦੇਖਿਆ

ਉਨ੍ਹਾਂ 'ਚੋਂ ਇਕ ਕਹਿਣ ਲੱਗਾ
ਹੇ ਦਰਖ਼ਤੋ
ਨੇਕ ਬਖ਼ਤੋ
ਇਹ ਅਸਾਡੀ ਅਰਜ਼ ਹੈ।
ਕਿ ਏਕਤਾ ਦੇ ਵਾਸਤੇ
ਮੁੱਢ ਕਦੀਮੀ ਸ਼ਾਨਾਂ ਮੱਤੀ ਸੱਭਿਅਤਾ
ਦੀ ਸ਼ੁੱਧਤਾ ਦੇ ਨਾਮ ਤੇ
ਇਹ ਅਸਾਡੀ ਰੀਝ ਹੈ
ਤੇ ਅਸਾਡਾ ਫ਼ੈਸਲਾ
ਕਿ ਅਗਲੇ ਮੌਸਮ ਤੋਂ
ਹਰ ਇਕ ਬੂਟੇ ਦੇ ਉੱਤੇ
ਇੱਕੋ ਰੰਗ ਦੇ ਫੁੱਲ ਖਿੜਿਆ ਕਰਨਗੇ

ਸੋਚ ਕੇ ਦੇਖੋ ਜ਼ਰਾ
ਦੂਰ ਤੀਕਰ
ਇੱਕੋ ਰੰਗ ਦੇ ਫੁੱਲ

ਉਹ ਕੇਹਾ ਅਦਭੁਤ ਨਜ਼ਾਰਾ ਹੋਏਗਾ
ਉਸ ਨਜ਼ਾਰੇ ਨੂੰ ਕੋਈ ਦੋਖੀ ਹੀ ਮਾੜਾ
ਕਹੇਗਾ।

ਦੇਖਣਾ ਕੋਈ ਉਲੰਘਣ ਨਾ ਕਰੇ
ਦੇਖਣਾ ਕੋਈ ਬਸ਼ਗਨੀ ਨਾ ਕਰੇ

ਤੇ ਕਿਸੇ ਨੇ ਟੋਲੇ ਵਿਚੋਂ ਹੌਲੀ ਜਿਹੀ
ਆਖਿਆ:
ਜੋ ਕਰੇਗਾ ਚੀਰ ਦਿੱਤਾ ਜਾਏਗਾ
ਦੰਦ ਲਿਸ਼ਕੇ ਉਨ੍ਹਾਂ ਦੇ
ਜਿਉਂ ਕਿਸੇ ਆਰੇ ਦੇ ਦੰਦੇ

ਬਹੁਤ ਚਿਰ ਸੁਣਦਾ ਰਿਹਾ ਜੰਗਲ
ਖ਼ਾਮੋਸ਼
ਜੜ੍ਹਾਂ ਤੱਕ ਗਹਿਰਾ ਖ਼ਾਮੋਸ਼
ਪੱਤਾ ਵੀ ਨਾ ਹਿੱਲਿਆ
ਪਰ ਅਚਾਨਕ ਪਤਾ ਨਈਂ ਕੀ ਹੋ
ਗਿਆ
ਕੋਈ ਪੀਲਾ ਪੱਤਾ ਡਿੱਗਿਆ
ਸਾਵਾ ਕੋਈ ਥਿਰਕਿਆ
ਜਾਂ ਫੁੱਟ ਪਈ ਕੋਈ ਕਲੀ
ਕਿ ਸਾਰਾ ਜੰਗਲ ਖਿੜਖਿੜਾ ਕੇ ਹੱਸ
ਪਿਆ
ਹਰਾ ਹਾਸਾ

Sri Satguru Jagjit Singh Ji Elibrary NamdhariElibrary@gmail.com

ਹਰਾ ਹਾਸਾ ਜੰਗਲਾਂ
ਜਾਮਣੀ, ਪੀਲਾ, ਗੁਲਾਬੀ
ਅਹੁ ਰੇ ਧਾਨੀ ਉਨਾਭੀ
ਸ਼ਰਬਤੀ, ਨੀਲਾ, ਫ਼ਿਰੋਜ਼ੀ
ਮੋਰਪੰਖੀ, ਗੁਲਾਨਾਰੀ
ਮੋਤੀਆ, ਘੀਆ ਕਪੂਰੀ, ਸੰਦਲੀ,
ਖਾਕੀ, ਕਪਾਹੀ

ਏਨਿਆਂ ਰੰਗਾਂ ਦਾ ਹਾਸਾ ਦੇਖ ਕੇ
ਬੰਦਿਆਂ ਦਾ ਟੋਲਾ ਤਾਂ ਬੱਸ ਦੇਖਦਾ ਹੀ
ਰਹਿ ਗਿਆ

ਏਨਿਆਂ ਰੰਗਾਂ ਦਾ ਹਾਸਾ
ਬੰਦਿਆਂ ਦਾ ਟੋਲਾ ਤਾਂ ਬੱਸ ਗਿਣਦਾ
ਗਿਣਦਾ ਥੱਕ ਗਿਆ

ਗਿਣਦਾ ਗਿਣਦਾ ਥੱਕ ਗਿਆ
ਤਾਂ ਹੋਰ ਇਕ ਝੁੰਡ ਹੱਸ ਪਿਆ
ਮੂੰਗੀਆ ਹਾਸਾ
ਰਸੋਤੀ, ਮੱਲਾਗੀਰੀ, ਰੱਤੜਾ ਤੇ ਕਾਸ਼ਣੀ

ਏਨਿਆਂ ਰੰਗਾਂ ਦਾ ਹਾਸਾ ਦੇਖ ਕੇ
ਟੋਲਾ ਵਿਚਾਰਾ ਡਰ ਗਿਆ
ਆਸੇ ਪਾਸੇ ਦੇਖਿਆ
ਹੱਸਦਿਆਂ ਰੰਗਾਂ ਦਾ ਇਕ ਅਦਭੁਤ
ਨਜ਼ਾਰਾ
ਆਸਮਾਨੀ, ਆਬਨੂਸ਼ੀ, ਮਹਿੰਦੀ ਰੰਗਾ,
ਪਾਣੀ ਪੱਤਾ

ਏਨਿਆਂ ਰੰਗਾਂ ਦਾ ਹਾਸਾ ਦੇਖ ਕੇ
ਹਾਰ ਕੇ ਟੋਲਾ ਵੀ ਆਖ਼ਰ ਹੱਸ ਪਿਆ

ਦੰਦ ਕਿਸੇ ਦੇ ਮੋਤੀਆ, ਚਿੱਟੇ, ਕਰੇਜੀ
ਤੇ ਜੰਗਾਰੀ ਕਿਸੇ ਦੇ
ਰੰਗ ਕਿਸੇ ਦਾ ਸਾਂਵਲਾ, ਗੋਰਾ, ਸੰਧੂਰੀ
ਕਣਕਵੰਨਾ, ਬੱਗਾ, ਮੁਸ਼ਕੀ, ਤਾਂਬਈ
ਵਾਲ ਕਾਲੇ, ਭੂਰੇ, ਧੌਲੇ
ਮਹਿੰਦੀ ਰੰਗੇ ਕਿਸੇ ਦੇ

ਕੇਸਰੀ, ਸਾਵਾ ਤੇ ਚਿੱਟਾ ਰੰਗ ਵੀ
ਇਸ ਮਹਾ ਹਾਸੇ 'ਚ ਸ਼ਾਮਲ ਹੋ ਗਏ
ਸਾਰੇ ਰੰਗ ਪਰਮਾਤਮਾ ਦੇ
ਕਾਇਨਾਤੀ ਆਤਮਾ ਦੇ
ਇਸ ਮਹਾ ਹਾਸੇ 'ਚ ਸ਼ਾਮਲ ਹੋ ਗਏ

ਇਹ ਪਤਾ ਨਈ ਸੱਚ ਹੈ
ਜਾਂ ਝਉਲਾ ਮੇਰੀ ਨਜ਼ਰ ਦਾ
ਫੈਂਟਸੀ ਹੈ
ਲੋਕਧਾਰਾਈ ਕਥਾ ਹੈ
ਮੱਥ ਹੈ ਜਾਂ ਬਾਲ ਕਵਿਤਾ
ਜਾਂ ਕਿਸੇ ਪਾਗਲ ਜਿਹੇ ਸ਼ਾਇਰ ਦਾ
ਐਵੇਂ ਖ਼ੁਆਬ ਹੈ।

ਸੰਪ:98145-04272

ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਵੀ ਪੜ੍ਹਾਓ।

ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਮੈਂ ਜੋ ਕਹਿਣਾ ਸੀ ਉਹ ਚੰਗੀ ਤਰ੍ਹਾਂ ਸੋਚ ਕੇ ਹੀ ਕਿਹਾ ਹੈ। ਇਕ ਪਾਸੇ ਧਰਮ ਹੈ, ਈਮਾਨ ਹੈ, ਦੂਜੇ ਪਾਸੇ ਧਰਮ ਤੋਂ ਖਿਲਾਫ਼ ਹੁਸਨ ਹੈ। ਇਕ ਪਾਸੇ ਕੌਮ ਲਈ ਕਾਇਮ ਰਹਿਣ ਵਾਲੀ ਸ਼ਹਾਦਤ ਹੈ, ਦੂਜੇ ਪਾਸੇ ਚਾਰ ਦਿਨ ਦੀ ਕੂੜੀ ਸੂਰਤ ਅਤੇ ਸਦਾ ਨਾ ਰਹਿਣ ਵਾਲੀ ਭੈੜੀ ਦੌਲਤ ਹੈ। ਮੈਨੂੰ ਨਾ ਈਮਾਨ-ਹੀਣ ਦੌਲਤ ਦੀ ਲੋੜ ਹੈ, ਨਾ ਧਰਮਹੀਣ ਹੁਸਨ ਦੀ। ਮੈਂ ਮੌਤ ਮਹਿਬੂਬਾ ਨੂੰ ਪਿਆਰ ਗਲਵੱਕੜੀ ਪਾ ਕੇ ਦੇਸ਼ ਆਜ਼ਾਦੀ ਲਈ ਮਰਨ ਨੂੰ ਸਦੀਵੀ ਜ਼ਿੰਦਗੀ ਸਮਝ ਆਲਿੰਗਨ ਕਰਨਾ ਚਾਹੁੰਦਾ ਹਾਂ ਪਰ ਪਤਾ ਨਹੀਂ ਮੇਰੀ ਇਹ ਮੌਤ ਮਾਸ਼ੂਕਾ ਮੈਨੂੰ ਕਿਉ ਨਹੀਂ ਅਪਨਾ ਰਹੀ ? ਮੈਨੂੰ ਆਸਾਰ ਨਜ਼ਰ ਆ ਰਹੇ ਹਨ ਕਿ ਸ਼ਾਇਦ ਮੇਰੀ ਇਸ ਵਾਰ ਦੀ ਖ਼ਾਹਸ਼ ਵੀ ਪੂਰੀ ਨਾ ਹੋ ਸਕੇ। ਕਿਉਂਕਿ ਸ਼ਗਨ ਨਹੀਂ ਚੰਗੇ ਹੋ ਰਹੇ, ਮਿਸ ਸੋਫੀਆ।"

"ਮਿਸ ਸੋਫੀਆ, ਜਿਸ ਮੌਤ ਤੋਂ ਤੇਰੇ ਪਾਪਾ ਜਿਹੇ ਲੋਕ ਡਰਦੇ ਨਾਂ ਨਹੀਂ ਲੈਣਾ ਚਾਹੁੰਦੇ, ਮੈਂ ਉਸ ਦੀ ਇੰਤਜ਼ਾਰ ਕਰ ਰਿਹਾ ਹਾਂ ਅਤੇ ਕਈ ਵਾਰ ਉਸ ਕੋਲ ਪੁੱਜਣ ਦਾ ਹੰਭਲਾ ਮਾਰ ਚੁੱਕਾ ਹਾਂ। ਪਤਾ ਨਹੀਂ ਉਹ ਮੇਰੇ ਕੋਲੋਂ ਡਰਦੀ ਕਿਉ ਅਗਾਹਾਂ ਨੱਸ ਰਹੀ ਹੈ ? ਹੁਣ ਮੈਂ ਮਰਾਂਗਾ, ਜ਼ਰੂਰ ਮਰਾਂਗਾ ਅਤੇ ਜ਼ਰੂਰ ਹੀ ਮਰਾਂਗਾ। ਜਾਓ ਆਪਣੇ ਪਾਪਾ ਨੂੰ ਜਾ ਆਖੋ ਕਿ ਉਹ ਬੇ-ਫਿਕਰੀ ਨਾਲ ਸੌਣ, ਮੈਂ ਸੈਸ਼ਨ ਅੱਗੇ ਮੁੱਕਰਾਂਗਾ ਨਹੀਂ ਕਿ ਗੋਂਦਾ ਮੈਂ ਨਹੀਂ ਮਾਰਿਆ ਜਾਓ!

ਵਾਸਤਾ ਜੇ ਭਗਵਾਨ ਦਾ, ਮੈਨੂੰ ਹੋਰ ਨਾ ਕਲਪਾਓ।"

"ਚੰਗਾ ਮੈਂ ਜਾ ਰਹੀ ਹਾਂ ਅਤੇ ਇਕ ਵਾਰ ਫਿਰ ਆਖਦੀ ਪਈ ਹਾਂ ਕਿ ਇਸ ਸਮੇਂ ਨੂੰ ਯਾਦ ਕਰ ਕੇ ਤੁਸੀਂ ਪਛਤਾਓਗੇ। ਫਿਰ ਨਾ ਮੇਰਾ ਵੱਸ ਚੱਲੇਗਾ, ਨਾ ਹੀ ਪਾਪਾ ਜਾਂ ਕਿਸੇ ਹੋਰ ਦਾ। ਜੇ ਮਰਨਾ ਹੀ ਚਾਹੁੰਦੇ ਤਾਂ ਜਰੂਰ ਮਰੋ , ਮੈਨੂੰ ਕੀ ? ਮੇਰੀ ਜਾਣੇ ਬਲਾ।"

ਇਹ ਆਖ ਮਿਸ ਸੋਫੀਆ ਹਨੇਰੀ ਵਾਂਗ ਹੀਣਤ ਜਿਹੀ ਭਾਵਨਾ ਤੇ ਨਾਕਾਮਯਾਬੀ ਨੂੰ ਨਾਲ ਲਈ ਮੇਰੇ ਦਫ਼ਤਰ ਵੱਲ ਨੂੰ ਉੱਠ ਤੁਰੀ। ਪਰ ਉਸ ਦੇ ਪੈਰ ਮਣ ਮਣ ਦੇ ਭਾਰੇ ਹੋ ਗਏ ਸਨ। ਓਹ ਮਸਾਂ ਹੀ ਕਦਮ ਪੁੱਟ ਰਹੀ ਸੀ। ਮੈਂ ਇਹ ਸਾਰੀ ਗੱਲ ਬੜੀ ਹੈਰਾਨੀ ਨਾਲ ਸੁਣੀ ਸੀ ਅਤੇ ਸੋਚ ਰਿਹਾ ਸੀ ਕਿ, ਕਿੱਡਾ ਜ਼ਬਤ ਤੇ ਸਬਰ ਹੈ ਇਸ ਅਸੱਭਿਅ ਕੂਕੇ ਵਿਚ। ਇਹ ਜਾਂ ਤਾਂ ਨਪੁੰਸਕ ਤੇ ਨਾਮਰਦ ਹੈ, ਜਾਂ ਫਿਰ ਅੱਵਲ ਦਰਜੇ ਦਾ ਬੇਵਕੂਫ਼ । ਇਹ ਪਾਗਲ ਪਿਆਰ ਤੇ ਹੁਸਨ ਦੀ ਕਦਰ ਕੀ ਜਾਣੇ। ਕਾਸ਼! ਕਦੀ ਸੋਫੀਆ ਇਕ ਪਿਆਰ ਭਰੀ ਤੱਕਣੀ ਮੇਰੇ ਵੱਲ ਤੱਕੇ। ਮੈਂ ਉਸ ਦੇ ਰਾਹ ਵਿਚ ਅੱਖੀਆਂ ਵਿਛਾ ਦਿਆਂ। ਉਸ ਦੇ ਕੁੱਤਿਆਂ ਦੀ ਖਿਦਮਤਗਾਰੀ ਧੰਨਭਾਗ ਸਮਝ ਕੇ ਕਰਾਂ। ਕੀ ਉਹ ਸੱਚਮੁੱਚ ਹੀ ਇਸ ਪਾਗਲ ਨੂੰ ਪਿਆਰਦੀ ਹੈ ? ਨਹੀਂ। ਨਹੀਂ। ਇਹ ਪਿਉ ਧੀ ਦੀ ਕੋਈ ਰਾਜਸੀ ਭੇਦ ਭਰੀ ਨੀਤੀ ਸੀ, ਚਾਲ ਸੀ। ਤਦ ਕੀ ਇਹ ਇਸਦੀ ਚਾਲ ਵਿਚ ਨਹੀਂ ਫਸਿਆ ? ਤਦ ਤਾਂ ਇਹ ਬਹੁਤ ਹੀ ਸਿਆਣਾ ਤੇ ਦੂਰ ਅੰਦੇਸ਼ ਹੈ। ਜੋ ਕੰਮ ਪਿਉ ਕੋਲੋਂ ਜਬਰ, ਤਸ਼ੱਦਦ ਤੇ ਜੁਲਮ ਕਰਨ ਤੇ ਨਹੀਂ ਸੀ ਹੋ ਸਕਿਆ, ਉਹ ਲਾਲਚ ਤੇ ਹੁਸਨ ਦਾ ਚੋਗਾ ਖਿਲਾਰ ਕੇ ਧੀ ਕਰਨ ਲਈ ਆਈ ਸੀ, ਪਰ ਬਹੁਤ ਬੇ-ਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ।'

ਪਤਾ ਨਹੀਂ ਅਜੇ ਮੈਂ ਹੋਰ ਕਿੰਨਾ ਚਿਰ ਇਨ੍ਹਾਂ ਖਿਆਲਾਂ ਵਿਚ ਗਲਤਾਨ ਰਹਿਣਾ ਸੀ ਕਿ ਅਚਾਨਕ ਮੇਰੇ ਕੰਨਾਂ ਵਿਚ ਜ਼ੋਰ ਦੀ ਆਵਾਜ਼ ਪਈ-

"ਫੜੋ। ਫੜੋ!!

ਗਜ਼ਬ ਹੋ ਗਿਆ, ਮਿਸ ਸੋਫੀਆ ਤੇ ਕਿਸੇ ਪਾਗਲ ਕੈਦੀ ਨੇ ਹਮਲਾ ਕਰ ਦਿੱਤਾ ਹੈ।" ਇਹ ਇਕ ਵਾਰਡਰ ਦੀ ਆਵਾਜ਼ ਸੀ।

4

ਮੈਂ ਨੱਸਿਆ ਨੱਸਿਆ ਗਿਆ। ਸੋਫੀਆ ਬੇ-ਹੋਸ਼ ਪਈ ਸੀ ਅਤੇ ਉਸ ਦੇ ਨੇੜੇ ਹੀ ਅੜਬੰਗੀ ਸੱਜਣ ਡਾਕੂ ਨੂੰ ਜੱਫੀ ਪਾਈ ਖਲੋਤਾ ਸੀ। ਅੜਬੰਗੀ ਦੇ ਮੋਢੇ ਵਿਚੋਂ ਖੂਨ ਦਾ ਫੁਹਾਰਾ ਵਹਿ ਰਿਹਾ ਸੀ ਜਿਸ ਨਾਲ ਉਸ ਦੇ ਕਪੜੇ ਅਨਾਰ ਦੇ ਫੁੱਲ ਜਿਹੇ ਲਾਲ ਸੂਹੇ ਹੋ ਰਹੇ ਸਨ। ਮੈਂ ਸਭ ਤੋ ਪਹਿਲਾਂ ਜਲਦੀ ਨਾਲ ਡਾਕਟਰ ਨੂੰ ਸੱਦਿਆ ਅਤੇ 'ਸੱਜਣ' ਨੂੰ ਫੜ ਕੇ

Sri Satguru Jagjit Singh Ji Elibrary NamdhariElibrary@gmail.com

ਤੇ ਬੇੜੀ ਲਾ ਕੇ ਵੱਖਰਾ ਡੱਕ ਦਿੱਤਾ। ਡਾਕਟਰ ਨੇ ਸੋਫੀਆ ਨੂੰ ਵੇਖ ਕੇ ਕਿਹਾ, "ਖ਼ਤਰੇ ਦੀ ਕੋਈ ਗੱਲ ਨਹੀਂ। ਅਚਾਨਕ ਹਮਲਾ ਹੋ ਜਾਣ ਕਰ ਕੇ ਹਾਦਸੇ ਨਾਲ ਗਸ਼ੀ ਆ ਗਈ ਹੈ, ਜੋ ਹੁਣੇ ਠੀਕ ਹੋ ਜਾਇਗੀ।" ਡਾਕਟਰ ਸੋਫੀਆ ਨੂੰ ਹੋਸ਼ ਵਿਚ ਲਿਆਉਣ ਦਾ ਉਪਰਾਲਾ ਕਰਨ ਲੱਗਾ। ਥੋੜ੍ਹੀ ਦੇਰ ਮਗਰੋਂ ਸੋਫੀਆ ਨੂੰ ਹੋਸ਼ ਆ ਗਈ। ਉਸ ਅੜਬੰਗੀ ਵੱਲ ਵੇਖ ਕੇ ਹੈਰਾਨੀ ਨਾਲ ਕਿਹਾ, "ਹੈਂ ! ਮੈਂ ਤਾਂ ਇਨ੍ਹਾਂ ਨੂੰ ਅਜੇ ਹੁਣੇ ਚੰਗੇ ਭਲੇ ਛੱਡ ਕੇ ਆਈ ਸੀ, ਇਤਨੀ ਜਲਦੀ ਜ਼ਖ਼ਮੀ ਕਿਸ ਕਰ ਦਿੱਤਾ ਹੈ?

ਇਸ ਦੇ ਨਾਲ ਹੀ ਉਸ ਨੂੰ ਸਾਰੀ ਗੱਲ ਯਾਦ ਆ ਗਈ ਕਿ ਕਿਵੇਂ ਟੁਰੀ ਜਾ ਰਹੀ ਉਤੇ ਅਚਾਨਕ ਇਕ ਕੈਦੀ ਨੇ ਹਮਲਾ ਕੀਤਾ, ਜਿਸ ਤੋਂ ਬਚਾਉਣ ਲਈ ਅੜਬੰਗੀ ਬਿਜਲੀ ਜਿਹੀ ਫੁਰਤੀ ਨਾਲ ਵਿਚਕਾਰ ਆ ਖਲੋਤਾ ਸੀ ਅਤੇ ਮੈਨੂੰ ਬਚਾਇਆ ਤੇ ਆਪ ਜ਼ਖ਼ਮੀ ਹੋ ਗਿਆ।

ਉਹ ਬਹੁਤ ਹੀ ਹਲੀਮੀ ਨਾਲ ਤੇ ਤਰਲੇ ਭਰੇ ਲਹਿਜੇ ਵਿਚ ਬੋਲੀ, "ਡਾਕਟਰ ! ਜਲਦੀ ਨਾਲ ਇਸ ਦਾ ਖ਼ੂਨ ਬੰਦ ਕਰ ਕੇ ਪੱਟੀ ਕਰੋ ਤੇ ਮੇਰਾ ਫਿਕਰ ਨਾ ਕਰੋ, ਮੈਂ ਹੁਣ ਕਾਫੀ ਹੱਦ ਤਕ ਠੀਕ ਹਾਂ। ਜੇ ਇਹ ਵਿਚਕਾਰ ਨਾ ਆ ਖਲੋਂਦਾ, ਤਾਂ ਮੈਂ ਨਹੀਂ ਸਾਂ ਬਚ ਸਕਦੀ। ਇਹ ਇਨਸਾਨ ਦੇ ਰੂਪ ਵਿਚ ਫਰਿਸ਼ਤਾ ਹੈ, ਫਰਿਸ਼ਤਾ। ਮੈਂ ਇਸ ਨੂੰ ਬਚਾਉਣ ਆਈ ਆਪ ਇਸ ਦੇ ਹੱਥੋਂ ਬਚ ਕੇ ਜਾ ਰਹੀ ਹਾਂ। ਅੱਜ ਇਸ ਦਾ ਇਹ ਇਕ ਹੋਰ ਅਹਿਸਾਨ ਮੇਰੇ ਸਿਰ ਹੋ ਗਿਆ ਹੈ। ਮੈਨੂੰ ਹਾਲਾਂ ਤਕ ਸਮਝ ਹੀ ਨਹੀਂ ਆ ਰਹੀ ਕਿ ਇਸ ਦਾ ਇਹ ਅਹਿਸਾਨ ਮੈਂ ਕਿਵੇਂ ਲਾਹਾਂਗੀ।"

ਡਾਕਟਰ ਨੇ ਜਦ ਅੜਬੰਗੀ ਦਾ ਮੋਢਾ ਵੇਖਿਆ ਤਾਂ ਉਸ ਵਿਚ ਦੋ ਇੰਚ ਗਹਿਰਾ ਜ਼ਖ਼ਮ ਸੀ। ਗੱਲ ਇਹ ਹੋਈ ਕਿ ਅੜਬੰਗੀ ਦੇ ਨਾਲ ਲੱਗਦੀ ਹੀ ਸੱਜਣ ਡਾਕੂ ਦੀ ਕੋਠੀ ਸੀ। ਸੋਫੀਆ ਤੇ ਅੜਬੰਗੀ ਦੀਆਂ ਉਸ ਸਾਰੀਆਂ ਗੱਲਾਂ ਸੁਣੀਆਂ ਸਨ। ਜਦ ਉਸ ਨੂੰ ਪਤਾ ਲੱਗਾ ਕਿ ਇਹ ਬਰਟਨ ਸਾਹਿਬ ਦੀ ਕੁੜੀ ਹੈ, ਤਦ ਪਤਾ ਨਹੀਂ ਉਸ ਦੇ ਸਿਰ ਤੇ ਕੀ ਭੂਤ ਸਵਾਰ ਹੋ ਗਿਆ, ਉਹ ਨੱਸ ਕੇ ਸੋਫ਼ੀਆ ਦੇ ਗਲ ਜਾ ਪਿਆ। ਇਸ ਦਾ ਭਾਵ ਤਾੜ ਅੜਬੰਗੀ ਵੀ ਮਗਰ ਉੱਠ ਨੱਸਾ। ਸੱਜਣ ਨੇ ਜਦ ਆਪਣੀ ਲੋਹੇ ਦੀ ਬਾਟੀ, ਜਿਸ ਦੇ ਕੰਢੇ ਕਾਫੀ ਤਿੱਖੇ ਸਨ, ਸੋਫੀਆ ਦੇ ਮਾਰਨ ਲੱਗਾ ਤਾਂ ਅੜਬੰਗੀ ਝਟ ਪਟ ਸੋਫੀਆ ਤੇ ਸੱਜਣ ਦੇ ਵਿਚਕਾਰ ਆ ਗਿਆ। ਸੱਜਣ ਦੀ ਪੂਰੇ ਜ਼ੋਰ ਨਾਲ ਉਲਾਰੀ ਬਾਟੀ ਅੜਬੰਗੀ ਦੇਂ ਮੋਢੇ ਵਿਚ ਜਾ ਵੱਜੀ। ਸੋਫੀਆ ਬਾਲ ਬਾਲ ਬਚ ਗਈ, ਪਰ ਅੜਬੰਗੀ ਦੇ ਦੋ ਇੰਚ ਗਹਿਰਾ ਜ਼ਖ਼ਮ ਹੋ ਗਿਆ। ਜੇ ਕਿਤੇ ਇਹ ਸੋਫੀਆ ਦੇ ਲੱਗ ਜਾਂਦੀ, ਜੇ ਉਹ ਮਰਦੀ ਨਾ ਵੀ, ਤਾਂ ਵੀ ਖ਼ਤਰੇ ਵਿਚ ਜ਼ਰੂਰ ਪੈ ਜਾਂਦੀ।

ਸੱਜਣ ਨਾਲ ਬਰਟਨ ਨੇ ਪੁੱਜ ਕੇ ਜ਼ੁਲਮ ਕੀਤਾ ਸੀ, ਜਿਸ ਦਾ ਬਦਲਾ ਉਹ ਸੋਫੀਆ ਤੋਂ ਲੈਣ ਲੱਗਾ ਸੀ। ਉਸ ਆਪਣੇ ਬਿਆਨ ਵਿਚ ਕਿਹਾ ਵੀ ਹੈ ਕਿ ਮੈਂ ਬਰਟਨ ਤੋਂ ਬਦਲਾ ਲੈਣ ਲਈ ਹੀ ਸੋਫੀਆ ਤੇ ਹਮਲਾ ਕੀਤਾ ਸੀ। ਉਸ ਅੜਬੰਗੀ ਨੂੰ ਭਰੇ ਹੋਏ ਗਲੇ ਤੇ ਡਾਢੇ ਦੁਖ ਨਾਲ ਕਿਹਾ ਸੀ ਕਿ –

"ਮੈਨੂੰ ਤੇ ਇਸ ਪਾਗਲ ਕੂਕੇ ਤੇ ਗੁੱਸਾ ਆਉਂਦਾ ਹੈ, ਜਿਸ ਦੁਸ਼ਮਣ ਦੀ ਕੁੜੀ ਨੂੰ ਜਿਹੜੀ ਇਸ ਤੋਂ ਪਿਆਰ ਭੀਖ ਮੰਗਣ ਆਈ ਨੂੰ ਨਾ ਕੇਵਲ ਇਸ ਨੇ ਸੱਖਣੀ ਹੀ ਪਰਤਾਇਆ, ਸਗੋਂ ਮੇਰੇ ਤੇ ਉਸ ਦੇ ਵਿਚਕਾਰ ਆ ਕੇ ਮੇਰੀ ਸੱਧਰ ਨੂੰ ਪੂਰਾ ਨਾ ਹੋਣ ਦਿੱਤਾ। ਸੱਚਮੁੱਚ ਹੀ ਇਹ ਜਾਂ ਤਾਂ ਨਪੁੰਸਕ ਹੈ ਜਾਂ ਸਉਦਾਈ ਹੈ। ਇਸ ਬੇ-ਗੈਰਤ ਨੇ ਆਪ ਕੁੱਝ ਨਹੀਂ ਸੀ ਕਰਨਾ ਤਦ ਮੈਨੂੰ ਤਾਂ ਬਦਲਾ ਲੈ ਲੈਣ ਦਿੰਦਾ। ਜੇ ਇਹ ਵਿਚਕਾਰ ਨਾ ਆ ਖਲੋਂਦਾ ਤਦ ਮੈਂ ਇਸ ਮੋਮਣੀ ਜਹੀ ਨੂੰ ਮਾਰ ਕੇ ਆਪਣਾ ਕਲੇਜਾ ਤਾਂ ਠੰਡਾ ਕਰ ਲੈਂਦਾ।

"ਮੈਂ ਬਿਲਕੁਲ ਨਿਰਦੋਸ਼ ਤੇ ਨਿਰ-ਅਪਰਾਧ ਹਾਂ। ਸ਼ਰੀਕਾਂ ਦੇ ਚੁੱਕੇ ਚੁਕਾਏ ਠਾਣੇਦਾਰ ਨੇ ਜੋ ਮੇਰੇ ਨਾਲ ਲਗਦਾ ਸੀ ਕਿਉਂਕਿ ਇਕ ਖ਼ਾਸ ਰੁਝੇਵੇਂ ਕਰਕੇ ਮੈਂ ਉਸ ਨੂੰ ਆਪਣੀ ਘੋੜੀ ਨਹੀਂ ਸਾਂ ਦੇ ਸਕਿਆ, ਜਿਸ ਮੇਰੇ ਖਿਲਾਫ਼ ਬਰਟਨ ਦੇ ਕੰਨ ਭਰ ਕੇ ਮੈਨੂੰ ਡਕੈਤੀ ਵਿਚ ਲਿਆ ਫਸਾਇਆ, ਡਾਕਾ ਤਾਂ ਇਕ ਪਾਸੇ ਰਿਹਾ, ਮੈਂ ਤਾਂ ਕਿਸੇ ਦੂਜੇ ਦੀ ਪੈਲੀ ਵਿਚੋਂ ਕਦੀ ਪੱਠਾ ਵੀ ਨਹੀਂ ਛੇੜਿਆ। ਆਹ! ਮੈਨੂੰ ਜਦ ਆਪਣੇ ਬੱਚੇ ਯਾਦ ਆਉਂਦੇ ਨੇ ਕਲੇਜੇ ਵਿਚ ਰੁੱਗ ਭਰਿਆ ਜਾਂਦਾ ਹੈ। ਮੇਰੀ ਵੀ ਇਸ ਜੇਡੀ ਇਕ ਜੁਆਨ ਕੁੜੀ ਹੈ ਜਿਸ ਦਾ ਮੈਂ ਵਿਆਹ ਧਰਿਆ ਹੋਇਆ ਸੀ। ਪਰ ਇਸ ਬੇਰਹਮਿ ਤੇ ਬੇ-ਤਰਸ ਬਰਟਨ ਨੇ ਸਿਰੇ ਨਾ ਚੜ੍ਹਾਉਣ ਦਿੱਤਾ। ਨਿਰਦੋਸ਼ ਨੂੰ ਬੰਨ ਆਂਦਾ। ਸੱਜਣ ਨੇ ਵਿੱਥਿਆ ਦੱਸੀ।

"ਭਰਾ ਮੇਰਿਆ, ਇਸ ਬਦੇਸ਼ੀ ਤੇ ਜ਼ਾਲਮ ਹਕੂਮਤ ਦੇ ਜ਼ੁਲਮ ਸਾਨੂੰ ਸ਼ਾਂਤੀ ਨਾਲ ਬਰਦਾਸ਼ਤ ਕਰਨੇ ਚਾਹੀਦੇ ਹਨ। ਸਾਡੀਆਂ ਆਹਾਂ ਇਸ ਦੀਆਂ ਜੜ੍ਹਾਂ ਪੁਟ ਕੇ ਖਾਰੇ ਸਮੁੰਦਰ ਵਿਚ ਸੁੱਟ ਕੇ ਗਰਕ ਕਰਨਗੀਆਂ। ਮੇਰੇ ਵੱਲ ਤੱਕ, ਇਸ ਮੈਨੂੰ 17 ਵਾਰ ਪਹਿਲਾਂ ਵੀ ਬੰਨ੍ਹਣ ਦਾ ਜਤਨ ਕੀਤਾ ਹੈ ਪਰ ਵਾਲ ਵੀ ਵਿੰਗਾ ਨਹੀਂ ਕਰ ਸਕਿਆ। ਐਤਕਾਂ ਵੀ ਮੈਂ ਬਰੀ ਹੋਣਾ ਹੈ। ਇਸ ਦੇ ਮੂੰਹ ਵਿਚ ਖੇਹ ਦੇ ਕੇ ਬਰੀ ਹੋਣਾ ਹੈ, ਮੈਂ ਨਾ ਨਪੁੰਸਕ ਹਾਂ ਤੇ ਨਾ ਹੀ ਕਮਲਾ ਹਾਂ, ਮੈਂ ਆਪਣੇ ਸਤਿਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹਾਂ ਕਿ "ਪਰਾਈ ਧੀ ਭੈਣ ਆਪਣੀ ਧੀ ਭੈਣ ਜਾਣਨੀ।"

ਚਲਦਾ...........

ਸੁੱਚੇ ਮੋਤੀ

- ਇਕਾਂਤ ਸਾਨੂੰ ਦੱਸਦਾ ਹੈ ਕਿ ਸਾਨੂੰ ਕੈਸਾ ਹੋਣਾ ਚਾਹੀਦਾ ਹੈ। ਸਮਾਜ ਸਾਨੂੰ ਦੱਸਦਾ ਹੈ ਕਿ ਅਸੀਂ ਕੀ ਹਾਂ।

–ਮਹਾ. ਗਾਂਧੀ

- ਇਕਾਂਤ ਪ੍ਰਤਿਭਾ ਦੀ ਪਾਠਸ਼ਾਲਾ ਹੈ।

–ਗਿਬਨ

- ਸਰਬ ਉੱਤਮ ਕੀਰਤੀ, ਪ੍ਰਤੀਦਵੰਦੀ ਦੁਆਰਾ ਕੀਤੀ ਗਈ ਪ੍ਰਸ਼ੰਸਾ ਹੁੰਦੀ ਹੈ।

–ਠਾਮਸ ਮੂਰ

- ਜੇਕਰ ਚਿੜੀਆਂ ਏਕਾ ਕਰ ਲੈਣ ਤਾਂ ਸ਼ੇਰ ਦੀ ਖੱਲ ਖਿੱਚ ਸਕਦੀਆਂ ਹਨ।

–ਸ਼ੇਖ ਸ਼ਾਅਦੀ

- ਅਨਿਆਂ ਸਹਿ ਕੇ ਬੈਠ ਜਾਣਾ, ਮਹਾਂ ਦੁਸ਼ਕਰਮ ਹੈ। ਨਿਆਅਰਥ ਆਪਣੇ ਬੰਧੂ ਨੂੰ ਵੀ ਦੰਡ ਦੇਣਾ ਧਰਮ ਹੈ।

–ਮੈਥਿਲੀਸ਼ਰਣ ਗੁਪਤ

- ਗਲਤੀ ਤਾਂ ਹਰੇਕ ਵਿਅਕਤੀ ਕਰਦਾ ਹੈ। ਪਰ ਉਸਤੇ ਦ੍ਰਿੜ ਕੇਵਲ ਮੂਰਖ ਹੀ ਹੁੰਦੇ ਹਨ।

– ਸਿਸੇਰੋ

- ਕਿਸੇ ਵਿਅਕਤੀ ਦੀ ਪਰਖ ਉਸ ਵਲੋਂ ਕੀਤੇ ਪ੍ਰਸ਼ਨ ਤੋਂ ਹੁੰਦੀ ਹੈ, ਨਾ ਕਿ ਉਸ ਵਲੋਂ ਦਿੱਤੇ ਉੱਤਰ ਤੋਂ।

– ਵਾਲਟੇਅਰ

- ਵਿਗਿਆਨ, ਧਰਮ ਤੋਂ ਬਿਨਾ ਲੰਗੜ ਹੈ। ਧਰਮ, ਵਿਗਿਆਨ ਤੋਂ ਬਿਨਾ ਅੰਨ੍ਹਾ ਹੈ।

–ਅਲਬਰਟ ਆਈਨਸਟੀਨ

ਬੱਚਿਆਂ ਦਾ ਪੰਨਾ

ਸੰਤ ਮੀਹਾਂ ਸਿੰਘ ਦਾ ਲਕਵਾ

ਸੰਤ ਮੀਹਾਂ ਸਿੰਘ ਦੇ ਪਿਤਾ ਦਾ ਨਾਮ ਸ: ਸ਼ਾਮ ਸਿੰਘ ਸੀ। ਇਹ ਪਿੰਡ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸੰਧੂ ਜੱਟ ਸਨ। ਆਪ ਤਿੰਨ ਵਾਰੀ ਸਮੁੰਦਰ ਪਾਰ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਆਏ ਸਨ। ਆਪ ਨੇ ਗੁਰਬਾਣੀ ਦੀ ਇਹ ਪੰਗਤੀ ਸਿੱਧ ਕਰਕੇ ਵਿਖਾਈ-

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ,
ਗੁਰਸਿਖੁ ਲੰਘਿ ਗੁਰ ਪਹਿ ਜਾਈ॥

ਸੰਤ ਮੀਹਾਂ ਸਿੰਘ ਨੂੰ ਲਕਵਾ ਹੋ ਗਿਆ ਬੜੀਆਂ ਦਵਾਈਆਂ ਕੀਤੀਆਂ ਪਰ ਕਿਤੋਂ ਆਰਾਮ ਨਾ ਆਇਆ। ਚਿਹਰਾ ਬੜਾ ਕੋਝਾ ਤੇ ਬਦਸੂਰਤ ਹੋ ਗਿਆ। ਮੂੰਹ ਬਿਲਕੁਲ ਵਿੰਗਾ ਹੋ ਗਿਆ। ਜਦ ਕੋਈ ਦਵਾ ਨੇ ਕਾਟ ਨਾ ਕੀਤੀ ਤਾਂ ਸ: ਸ਼ਾਮ ਸਿੰਘ ਜੀ ਆਤਸ਼ੀ ਸ਼ੀਸ਼ਾ ਲੈ ਕੇ ਆਏ। ਪਰ ਬੇਅਸਰ ਸਾਬਤ ਹੋਇਆ।

ਸੰਤ ਮੀਹਾਂ ਸਿੰਘ ਦੇ ਦਿਲ ਵਿੱਚ ਵਿਚਾਰ ਆਈ ਕਿ ਮੈਂ ਕਿਉਂ ਨਾ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕਰਾਂ। ਉਹ ਜ਼ਰੂਰ ਕ੍ਰਿਪਾ ਕਰਣਗੇ। ਆਪਣੇ ਪਿਤਾ ਸ਼ਾਮ ਸਿੰਘ ਜੀ ਨਾਲ ਭੈਣੀ ਸਾਹਿਬ ਪੁੱਜੇ। ਪਤਾ ਕੀਤਾ ਕਿ ਗੁਰੂ ਜੀ ਕਿੱਥੇ ਹਨ। ਗੁਰੂ ਜੀ ਲਾਟੋਂ ਦੀ ਢੱਕੀ ਵਿੱਚ ਬੈਠ ਕੇ ਨਿਰਮਲ ਜਲ ਦੇ ਕਿਨਾਰੇ ਭਜਨ ਕਰ ਰਹੇ ਸਨ। ਜਦ ਮੀਹਾਂ ਸਿੰਘ ਜੀ ਢੱਕੀ ਵੱਲ ਗਏ ਤਾਂ ਦੂਰੋਂ ਹੀ ਗੁਰੂ ਹਰੀ ਸਿੰਘ ਜੀ ਦੇ ਹਜ਼ੂਰੀ ਸਿੱਖ ਦਾਨ ਸਿੰਘ ਨੇ ਤੱਕਿਆ ਤੇ ਕਹਿਣ ਲੱਗਾ ਪਾਤਸ਼ਾਹ ਮੀਹਾਂ ਸਿੰਘ ਸਰਹਾਲੀ ਵਾਲੇ ਆ ਰਹੇ ਹਨ। ਪਰ ਮੂੰਹ ਵਿੰਗਾ ਹੈ। ਜਾਪਦਾ ਹੈ ਜਿਵੇਂ ਲਕਵੇ ਦਾ ਸ਼ਿਕਾਰ ਹੋ ਗਏ ਹਨ। ਜਦ ਸਤਿਗੁਰੂ ਜੀ ਦੇ ਕੋਲ ਆਇਆ ਤਾਂ ਦਾਨ ਸਿੰਘ ਨੇ ਕਿਹਾ "ਲਕਵੇ ਨੇ ਹਮਲਾ ਕੀਤਾ ਹੈ ?" ਸਤਿਗੁਰੂ ਹਰੀ ਸਿੰਘ ਜੀ ਪਹਿਲਾਂ ਪਲ ਕੁ ਚੁੱਪ ਰਹੇ ਤੇ ਫ਼ਿਰ ਕਹਿਣ ਲੱਗੇ, "ਮੀਹਾਂ ਸਿੰਘ ਦਾ ਮੂੰਹ ਤਾਂ ਠੀਕ ਹੈ, ਤੈਨੂੰ ਕਿਉਂ ਓਪਰਾ ਲੱਗਦਾ ਹੈ? ਮੀਹਾਂ ਸਿੰਘ ਦਾ ਮੂੰਹ ਪਹਿਲਾਂ ਵਰਗਾ ਸਿੱਧਾ, ਸੁਹਣਾ ਤੇ ਸੁਨੱਖਾ ਹੋ ਗਿਆ। ਜਦ ਸਤਿਗੁਰਾਂ ਨੂੰ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਗਲ ਨਾਲ ਲਾ ਕੇ ਆਖਿਆ, ਜਦ ਤੱਕ ਸਿੱਖ ਦਾ ਮੂੰਹ ਆਪਣੇ ਸਤਿਗੁਰਾਂ ਵੱਲ ਸਿੱਧਾ ਹੈ ਤਦ ਤਕ ਉਸ ਨੂੰ ਕੋਈ ਹੋਰ ਦੁੱਖ ਵਿੰਗਾ ਨਹੀਂ ਕਰ ਸਕਦਾ।

ਸੰਤ ਮੀਹਾਂ ਸਿੰਘ ਜੀ ਦਾ ਮੁੱਖ ਸਦਾ ਸਤਿਗੁਰੂ ਵੱਲ ਰਿਹਾ ਤੇ ਸਤਿਗੁਰੂ ਰਾਮ ਸਿੰਘ ਜਿੰਨੀ ਹੀ ਗੁਰੂ ਹਰੀ ਸਿੰਘ ਜੀ ਤੇ ਸ਼ਰਧਾ ਰੱਖੀ।

- - - - - - - - - - - - - - - - - -

ਖ਼ਬਰਨਾਮਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਤੀਸਰਾ ਆਸਟ੍ਰੇਲੀਆ ਦੌਰਾ ਮਈ 2019

ਭਾਗ ਦੂਸਰਾ ਆਸਟਰੇਲੀਆ ਦੌਰਾ ਮਈ 2019
ਸਿਡਨੀ ਤੇ ਬ੍ਰਿਸਬੇਨ ਸ਼ਹਿਰ

7 ਮਈ 2019 ਨੂੰ ਸ੍ਰੀ ਸਤਿਗੁਰੂ ਜੀ ਬ੍ਰਿਸਬੇਨ ਸ਼ਹਿਰ ਪ੍ਰੂਜੇ। ਇਹ ਸ਼ਹਿਰ ਵਿਚ ਸੂਬਾ ਸਤਨਾਮ ਸਿੰਘ ਜੀ ਨਿਵਾਸ ਕਰਦੇ ਹਨ। ਬਹੁਤ ਸਾਰੇ ਨਵੇਂ ਨੌਜਵਾਨ ਵੀ ਏਥੇ ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਭਾਰਤੋਂ ਆਏ ਹਨ। ਸਿਡਨੀ ਏਅਰਪੋਰਟ ਤੇ ਸਾਧ ਸੰਗਤ ਵੱਲੋਂ ਅਗਵਾਈ ਕਰ ਸੂਬਾ ਸਤਿਨਾਮ ਸਿੰਘ ਹੋਰਾਂ ਸ੍ਰੀ ਸਤਿਗੁਰੂ ਜੀ ਨੂੰ ਪੁਸ਼ਪ ਮਾਲਾ ਪਹਿਨਾਈ। ਏਥੇ ਹੀ ਸਵਾਗਤ ਕਰਨ ਆਏ ਇੱਕ ਛੋਟੇ ਬੱਚੇ ਪਿਆਰਾ ਸਿੰਘ ਤੋਂ ਫੁੱਲ ਲੈਂਦਿਆਂ ਤੇ ਉਸਨੂੰ ਪਿਆਰ ਕਰਦਿਆਂ ਸਤਿਗੁਰੂ ਜੀ ਮੈਨੂੰ ਦੱਸਿਆ ਕਿ ਇਹ ਮਿਰਾਕਲ ਬੱਚਾ ਹੈ ਜਨਮ ਤੋਂ ਇਹਦੇ ਗੁਰਦੇ ਨਹੀਂ ਸਨ ਇਹਦੀ ਮਾਂ ਨੇ ਇਹਨੂੰ ਆਪਣਾ ਗੁਰਦਾ ਦਾਨ ਦਿੱਤਾ ਹੈ। ਏਅਰਪੋਰਟ ਤੇ ਹੀ ਸਤਿਗੁਰੂ ਜੀ ਦਾ ਸਵਾਗਤ ਕਰਨ ਆਏ ਨੌਜਵਾਨਾਂ ਵਿੱਚ ਐਸ ਪੀ ਸਿੰਘ, ਪਰਵੀਨ ਸਿੰਘ, ਜਗਵੀਰ ਸਿੰਘ, ਜਥੇਦਾਰ ਜੋਗਾ ਸਿੰਘ ਚੰਡੀਗੜ੍ਹ ਵਾਲਿਆਂ ਦਾ ਬੇਟਾ ਜਵੰਦ ਸਿੰਘ, ਗਿਆਨੀ ਜੁਗਿੰਦਰ ਸਿੰਘ ਲੁਧਿਆਣਾ ਦਾ ਭਤੀਜਾ ਮੰਨਾ ਸਿੰਘ ਤੇ ਉਹਦੇ ਘਰੋਂ ਕਰਤਾਰ ਕੌਰ,ਪਰੇਮ ਕੌਰ ਤੇ ਪਿਆਰਾ ਸਿੰਘ,ਕਰਮਜੀਤ ਸਿੰਘ ਬੀੜ ਗੁਰੂ ਕੀ ਆਦਿ ਮੌਜੂਦ ਸਨ। ਇਹ ਸ਼ਹਿਰ ਸਮੁੰਦਰ ਕੰਡੇ ਤੇ ਹੋਣ ਕਰਕੇ ਹਵਾ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਹੈ। ਦਿਨੇ ਧੁੱਪ ਬੜੀ ਤਿੱਖੀ ਜਾਪਦੀ ਹੈ ਪਰ ਸਵੇਰ ਤੇ ਸ਼ਾਮ ਠੰਢ ਹੁੰਦੀ ਹੈ। ਡੇਰੇ ਪੁੱਜ ਸਾਰੀ ਸਾਧ ਸੰਗਤ ਨੇ ਪਰਸ਼ਾਦ ਪਾਣੀ ਛਕਿਆ ਤੇ ਆਪੋ ਆਪਣੇ ਡੇਰਿਆਂ ਨੂੰ ਹੋ ਪਏ। ਦੀਨ ਦਿਆਲ ਜੀ, ਮਾਤਾ ਜੀ ਤੇ ਸੇਵਕਾਂ ਦਾ ਡੇਰਾ ਪਰਵੀਨ ਸਿੰਘ ਹੋਰਾਂ ਵਲ ਹੀ ਸੀ। ਕੁਝ ਆਰਾਮ ਕਰ ਸ਼ਾਮ ਦੇ ਨਿਤਨੇਮ ਵਾਸਤੇ ਪੋਲੀ ਕਲੱਬ ਦੇ ਇੱਕ ਬੁੱਕ ਕੀਤੇ ਹਾਲ ਵਿੱਚ ਅਸੀਂ ਗਏ ਜਿਸ ਨੂੰ ਸਾਧ ਸੰਗਤ ਨੇ ਬਹੁਤ ਸੁੰਦਰ ਸਜਾਇਆ ਸੀ।ਦੇਸ਼ ਬੈਠੀ ਸੰਗਤ ਨੂੰ ਦਰਸ਼ਨ ਕਰਵਾਉਣ ਦਾ ਵੱਡਾ ਜ਼ਿੰਮਾ ਸੂਰਤਪਾਲ ਹੋਰਾਂ ਉੱਠਾ ਰੱਖਿਆ ਸੀ ਸੋ ਉਹ ਆਪਣੇ ਕੈਮਰੇ ਫਿੱਟ ਕਰਕੇ ਤਿਆਰ ਬੈਠਾ ਸੀ।ਸੂਬਾ ਜੀ ਦੇ ਉੱਦਮ ਨਾਲ ਏਥੇ ਦੀ ਸੰਗਤ ਵੀ ਹਫਤਾਵਾਰੀ ਨਿਤਨੇਮ ਘਰੋ ਘਰੀ ਕਰਦੀ ਹੈ ਪਰ ਦੂਰ-ਦੂਰ ਹੋਣ ਕਰਕੇ ਕਈ ਨੌਜਵਾਨ ਛੁੱਟੀਆਂ ਮਾਰ ਹੀ ਜਾਂਦੇ ਹਨ। ਰਾਗੀ ਬਲਵੰਤ ਸਿੰਘ ਹੋਰਾਂ ਅੱਜ ਰਬਾਬੀਆਂ ਦੀ ਪੁਰਾਤਨ ਧਰੁਪਦ ਅੰਗ ਦੀ ਰੀਤ ਜੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰ ਸਿਖਾਈ ਸੀ ਉਸ ਵਿੱਚ ਕਬੀਰ ਜੀ ਦਾ ਸ਼ਬਦ "ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥ ਪੂਰਬ ਜਨਮ ਹਉ ਤਪ ਕਾ ਹੀਨਾ॥" ਸ਼ਬਦ ਨਾਲ ਕੀਰਤਨ ਦੀ ਆਰੰਭਤਾ ਕਰ ਦੂਸਰਾ ਸ਼ਬਦ "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥" ਗਾ ਕੇ ਸਮਾਪਤੀ ਕੀਤੀ। ਕੀਰਤਨ ਦੌਰਾਨ ਹੀ ਸਾਊਂਡ ਸਿਸਟਮ ਓਪਰੇਟ ਕਰ ਰਿਹਾ ਸੰਤ ਪਰਮਜੀਤ ਸਿੰਘ ਫਰੀਦਾਬਾਦ ਵਾਲਿਆਂ ਦਾ ਸਾਥੀ ਇੱਕ ਅਫਗਾਨੀ ਸੱਜਣ ਵਾਹਿਦ ਜੋ ਕਿ ਖ਼ੁਦ ਤਬਲਾ ਪਲੇਅਰ ਵੀ ਹੈ ਕਿਰਪਾਲ ਸਿੰਘ ਪਨੇਸਰ ਦੀ ਤਾਰ ਸ਼ਹਿਨਾਈ ਤੇ ਏਨਾ ਮਸਤ ਹੋਇਆ ਕਿ ਉਸ ਤੋਂ ਤਾੜੀਆਂ ਮਾਰੇ ਬਿਨਾਂ ਰਹਿ ਨਾ ਹੋਇਆ। ਜਦੋਂ ਉਸਨੂੰ ਕਿਸੇ ਸੱਜਣ ਵਲੋਂ ਰੋਕਣ ਲਈ ਇਸ਼ਾਰਾ ਕੀਤਾ ਗਿਆ ਤਾਂ ਸਤਿਗੁਰੂ ਜੀ ਨੇ ਉਸਨੂੰ ਕੁਝ ਨਾ ਕਹਿਣ ਦਾ ਇਸ਼ਾਰਾ ਕੀਤਾ। ਪਰ ਵਜਦ ਵਿੱਚ ਆਏ ਤੋਂ ਆਪਣਾ ਆਪ ਨਾ ਸੰਭਾਲਿਆ ਗਿਆ, ਲੁਧਿਆਣੇ ਤੋਂ ਸੰਤ ਸਵਿੰਦਰ ਸਿੰਘ ਹੋਰਾਂ ਦਾ ਲੜਕਾ ਜਸਪਾਲ ਸਿੰਘ ਤੇ ਉਸਦੀ ਪਤਨੀ ਜੋ ਕਿ ਦੋ ਕੁ ਮਹੀਨੇ ਪਹਿਲਾਂ ਹੀ ਓਥੇ ਗਏ ਹਨ। ਜਸਪਾਲ ਸਿੰਘ ਵਿਦਿਅਕ ਸੰਮੇਲਨਾਂ ਵਿੱਚ ਹਿੱਸਾ ਲੈਂਦਾ ਰਿਹਾ ਹੈ ਸੋ ਸੂਬਾ ਜੀ ਨੇ ਉਸੇ ਨੂੰ ਆਖਿਆ ਕਿ ਉਹ ਹੀ ਸ੍ਰੀ ਸਤਿਗੁਰੂ ਜੀ, ਮਾਤਾ ਜੀ ਅਤੇ ਨਾਲ ਆਈ ਸੰਗਤ ਦਾ ਦਰਸ਼ਨ ਦੇਣ ਤੇ ਧੰਨਵਾਦ ਕਰੇ। ਜਸਪਾਲ ਸਿੰਘ ਨੇ ਬਹੁਤ ਹੀ ਸੰਖੇਪ ਸ਼ਬਦਾਂ ਨਾਲ ਗਰੀਬ ਨਿਵਾਜ ਜੀ ਦੇ ਦਰਸ਼ਨ ਦੇਣ ਦਾ ਧੰਨਵਾਦ ਕੀਤਾ।ਬੀਬੀਆਂ ਵੱਲੋਂ ਰਲ ਮਿਲ ਕੇ ਤਿਆਰ ਕੀਤਾ ਗਿਆ ਲੰਗਰ ਜੋ ਕਿ ਓਥੇ ਹੀ ਬਣੀ ਰਸੋਈ ਵਿੱਚ ਤਿਆਰ ਕੀਤਾ ਗਿਆ ਸੀ ਸਭ ਨੇ ਬੈਠ ਕੇ ਛਕਿਆ।ਸਤਿਗੁਰੂ ਜੀ ਤੇ ਮਾਤਾ ਜੀ ਲੰਗਰ ਤਿਆਰ ਕਰਨ ਵਾਲੀਆਂ ਬੀਬੀਆਂ ਨੂੰ ਉਚੇਚਿਆਂ ਦਰਸ਼ਨ ਦੇਣ ਲਈ ਲੰਗਰ ਵਿੱਚ ਗਏ।ਅਗਲੇ ਦਿਨ ਆਸਾ ਦੀ ਵਾਰ ਦੀ ਅਰਦਾਸ ਤੋਂ ਬਾਅਦ ਸਤਿਗੁਰੂ ਜੀ ਨੇ ਬਾਹਰ ਆ ਹੁਕਮ ਕੀਤਾ ਕਿ ਏਥੇ ਵੀ ਕਈ ਘਰ ਹਨ ਪਰ ਆਉਂਦੇ ਨਹੀਂ ਸਾਧ ਸੰਗਤ ਵਿੱਚ।ਸਤਿਗੁਰੂ ਜੀ ਇਕ ਨੌਜਵਾਨ ਵੱਲ ਇਸ਼ਾਰਾ ਕਰ ਹੁਕਮ ਕੀਤਾ ਕਿ ਇਹ ਚੰਡੀਗੜ ਪੁਲਿਸ ਵਾਲੇ ਅਨੂਪ ਸਿੰਘ ਦਾ ਭਤੀਜਾ ਹੈ ਇਹਦਾ ਪਿੰਡ ਕੰਗਨਪੁਰ ਹੈ ਤੇ ਇਹਨੇ ਏਥੇ ਪੱਕੇ ਹੋਣ ਲਈ ਅਸਟ੍ਰੇਲੀਅਨ ਲੜਕੀ ਨਾਲ ਵਿਆਹ ਕਰਵਾਇਆ ਹੈ।ਏਨੇ ਨੂੰ ਉਸ ਨੌਜਵਾਨ ਨੇ ਆਣ ਨਮਸਕਾਰ ਕੀਤੀ ਸਤਿਗੁਰੂ ਜੀ ਉਸਨੂੰ ਹਾਲ ਚਾਲ ਪੁੱਛਿਆ, ਕਾਰੋਬਾਰ ਬਾਰੇ ਪੁਛਿਆ। ਸੇਵਕ ਸਤਨਾਮ

Sri Satguru Jagjit Singh Ji Elibrary NamdhariElibrary@gmail.com

ਸਿੰਘ ਦੇ ਸਾਂਢੂ ਦੀ ਨਵੀਂ ਕਾਰ ਵਿੱਚ ਚਰਨ ਪਾਉਣ ਦੀ ਕਿਰਪਾਲਤਾ ਕੀਤੀ।ਅੱਜ ਸਤਿਗੁਰੂ ਜੀ ਦਾ ਪਰਸ਼ਾਦ ਪਾਣੀ ਸੂਬਾ ਸਤਨਾਮ ਸਿੰਘ ਜੀ ਦੇ ਘਰ ਹੈ। 10 ਕੁ ਵਜੇ ਦੇ ਕਰੀਬ ਸ੍ਰੀ ਹਜ਼ੂਰ ਨਾਲ ਕਰੀਬ 50 ਕੁ ਸਰੀਰ ਮੇਨ ਰੇਂਜ ਨੈਸ਼ਨਲ ਪਾਰਕ ਵਿਖੇ ਮੂਗਰਾ ਝੀਲ ਕੋਲ ਸੈਰ ਕਰਨ ਲਈ ਗਏ।ਤਕਰੀਬਨ ਇੱਕ ਘੰਟਾ ਸੈਰ ਕਰਨ ਦੇ ਨਾਲ ਨਾਲ ਸਤਿਗੁਰੂ ਜੀ ਦੇ ਬਚਨਾ ਦਾ ਤੇ ਦਰਸ਼ਨਾਂ ਦਾ ਲਾਹਾ ਲਿਆ ਸਾਰਿਆਂ ਨੇ। ਅੱਜ ਸ਼ਾਮ ਦਾ ਨਿਤਨੇਮ ਵੀ ਉਸੇ ਹਾਲ ਵਿੱਚ ਹੋਇਆ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ ਰਾਗੀਆਂ ਸ਼ਬਦ ਪੜ੍ਹਿਆ 'ਗੁਰ ਬਿਨੁ ਘੋਰ ਅੰਧਾਰ ਗੁਰੂ ਬਿਨੁ ਸਮਝੁ ਨ ਆਵੈ॥ ' ਅਫਗਾਨੀ ਸੱਜਣ ਵਾਹਿਦ ਦੇ ਹੋਰ ਮਿੱਤਰ ਵੀ ਅਜ ਆਏ ਸਨ ਜੋ ਕਿ ਸੰਗੀਤ ਪ੍ਰੇਮੀ ਸਨ ਸਾਰਿਆਂ ਬੜੇ ਸਤਿਕਾਰ ਨਾਲ ਸਤਿਗੁਰੂ ਜੀ ਨੂੰ ਨਮਸਕਾਰ ਕਰ ਸੰਗਤ ਚ ਬੈਠ ਕੀਰਤਨ ਦਾ ਆਨੰਦ ਮਾਣਿਆ। ਅਗਲੇ ਦਿਨ ਭਾਵ 10 ਤਾਰੀਖ ਦੀ ਸਵੇਰੇ ਆਸਾ ਦੀ ਵਾਰ ਜਗਵੀਰ ਸਿੰਘ ਪਿੰਡ ਚੌੜਾ, ਡੇਰਾ ਬਾਬਾ ਨਾਨਕ ਦੇ ਘਰ ਲੱਗੀ। ਸਤਿਗੁਰੂ ਸੱਚੇ ਪਾਤਿਸ਼ਾਹ ਜੀ ਅਮ੍ਰਿਤ ਵੇਲੇ ਦਰਸ਼ਨ ਦਿੱਤੇ ਰਾਗੀਆਂ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਸ੍ਰੀ ਹਜ਼ੂਰ ਦੇ ਚਰਨਾਂ ਵਿਚ ਮੁੜ ਜਲਦੀ ਆਉਣ ਦੀ ਬੇਨਤੀ ਜਸਪਾਲ ਸਿੰਘ ਲੁਧਿਆਣਾ ਨੇ ਸਾਰੀ ਸੰਗਤ ਵੱਲੋਂ ਕੀਤੀ।ਪਾਤਿਸ਼ਾਹ ਘਰ ਵਾਲਿਆਂ ਨੂੰ ਖੁਸ਼ੀਆਂ ਬਖਸ਼ ਨਾਮ ਸਿਮਰਨ ਤੇ ਸਿੱਖੀ ਵਾਲੇ ਰਸਤੇ ਤੇ ਪੱਕਿਆਂ ਰਹਿਣ ਲਈ ਪ੍ਰੇਰ ਡੇਰੇ ਪ੍ਰਸਥਾਨ ਕੀਤਾ।ਏਥੋਂ ਹੀ ਅਸੀਂ ਸਾਰੇ ਸ੍ਰੀ ਹਜ਼ੂਰ ਨਾਲ ਸਿਡਨੀ ਨੂੰ ਜਾਣ ਵਾਸਤੇ ਏਅਰਪੋਰਟ ਪੁੱਜੇ।ਏਅਰਪੋਰਟ ਪੁੱਜਦਿਆਂ ਹੀ ਫਤਿਹਾਬਾਦ ਦਾ ਇੱਕ ਨੌਜਵਾਨ ਗੁਰਸੇਵਕ ਸਿੰਘ ਜੋ ਕਿ ਸਰਕਾਰੀ ਬਸ ਚਲਾਉਂਦਾ ਹੈ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਹੋਇਆ ਸੀ। ਪਾਤਿਸ਼ਾਹ ਜੀ ਉਸਨੂੰ ਸੰਗਤ ਵਿੱਚ ਆਉਦੇ ਜਾਂਦੇ ਰਹਿਣ ਲਈ ਪਿਆਰ ਨਾਲ ਪ੍ਰੇਰਿਆ ਉਹਦੇ ਕੰਮ ਕਾਰ ਬਾਰੇ ਪੁਛਿਆ ਬੜਾ ਖੁਸ਼ ਹੋਇਆ ਕਿਸੇ ਵਜਾ ਕਰਕੇ ਉਹ ਨਹੀਂ ਸੀ ਆ ਸਕਿਆ ਇਸ ਲਈ ਉਸਨੇ ਮਹਿਸੂਸ ਵੀ ਕੀਤਾ। ਸਤਿਗੁਰੂ ਜੀ ਸਿੱਖਾਂ ਸੇਵਕਾਂ ਸਮੇਤ ਸਿਡਨੀ ਲਈ ਵਰਜਿਨ ਏਅਰਲਾਈਨ ਦੀ ਫਲਾਈਟ ਤੇ ਸਵਾਰ ਹੋ ਉਡਾਣ ਭਰੀ।

ਸਿਡਨੀ ਸ਼ਹਿਰ: 10 ਮਈ 2019 ਨੂੰ ਦੁਪਿਹਰੇ ਤਿੰਨ ਵਜੇ ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਸਿਡਨੀ ਸ਼ਹਿਰ ਦੇ ਏਆਰਪੋਰਟ ਤੇ ਕਿੰਗਸਫੋਰਡ ਟਰਮੀਨਲ ਤਿੰਨ ਤੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ।ਸੂਬਾ ਹਰਭਜਨ ਸਿੰਘ ਸਿਡਨੀ,ਸਤਨਾਮ ਸਿੰਘ,ਜਗਚਾਨਣ ਸਿੰਘ,ਵਿਕਰਮਜੀਤ ਸਿੰਘ,ਹਰਨਾਮ ਸਿੰਘ,ਹਰਪ੍ਰੀਤ ਸਿੰਘ,ਹਰਮੀਤ ਸਿੰਘ ਚੇਅਰਮੈਨ ਜੀ ਆਦਿ ਬਹੁਤ ਸਾਰੀ ਸੰਗਤ ਏਅਰਪੋਰਟ ਤੇ ਸਤਿਗਰੂ ਜੀ ਦਾ ਸਵਾਗਤ ਕਰਨ ਪੁੱਜੀ ਹੋਈ ਸੀ।ਸਤਿਗੁਰੂ ਜੀ ਦਾ ਡੇਰਾ ਮੁਹਾਲੀ ਵਾਲੇ ਪਰਧਾਨ ਦਲਜੀਤ ਸਿੰਘ ਦੇ ਸਪੁੱਤਰ ਜਗਚਾਨਣ ਸਿੰਘ ਦੇ ਘਰ ਸੀ।ਸਾਧ ਸੰਗਤ ,ਭਾਈ,ਬੀਬੀਆਂ ,ਬੱਚੇ ਬੱਚੀਆਂ ਸਤਿਗਰੂ ਜੀ ਦੇ ਸਵਾਗਤ ਵਿੱਚ ਅੱਖਾਂ ਵਿਛਾਈ ਖੜੋਤੇ ਸਨ।ਬੀਬੀਆਂ ਗੁਰਬਾਣੀ ਦਾ ਸ਼ਬਦ ਪੜ ਰਹੀਆਂ ਸਨ ' ਪੂਰੀ ਆਸਾ ਜੀ ਮਨਸਾ ਮੇਰੇ ਰਾਮ॥ " ਸ੍ਰੀ ਹਜ਼ੂਰ ਗੁਰਬਾਣੀ ਦੇ ਸਤਿਕਾਰ ਵਿੱਚ ਖੜੋਤੇ ਰਹੇ।ਜਦ ਸ਼ਬਦ ਸਮਾਪਤ ਹੋਇਆ ਤਾਂ ਆਸਣ ਤੇ ਸ਼ੁਸੋਭਿਤ ਹੋਏ। ਸਾਰੇ ਵਾਰੋ ਵਾਰੀ ਨਮਸਕਾਰਾਂ ਕਰਦੇ।ਬੱਚੇ ਬੱਚੀਆਂ ਨੂੰ ਪਾਤਿਸ਼ਾਹ ਪਿਆਰ ਕਰਦੇ ਛੋਟੇ ਛੋਟੇ ਦਿਲ ਟੁੰਬਵੇਂ ਬਚਨ ਕਰਦੇ।ਸਾਰੀ ਸੰਗਤ ਨੂੰ ਜਲ ਪਾਣੀ ਛਕਾਇਆ ਗਿਆ।ਸ਼ਾਮ ਦਾ ਨਿਤਨੇਮ ਜ਼ਾਰਜ ਫੰਕਸ਼ਨ ਸੈਂਟਰ ਹਾਲ ਵਿੱਚ ਹੋਣਾ ਸੀ।ਕਮਾਲ ਦੀ ਸਜਾਵਟ ਸਿੱਖਾਂ ਨੇ ਸਤਿਗੁਰੂ ਜੀ ਦੀ ਪਾਲਕੀ ਦੀ ਕੀਤੀ ਹੋਈ ਸੀ। ਪੂਰਾ ਹਾਲ ਸਫੈਦ ਚਾਦਰਾਂ ਤੇ ਗੇਟ ਵੀ ਫੁੱਲਾਂ ਨਾਲ ਸਜਾਇਆ ਸੀ। ਸੂਬਾ ਹਰਭਜਨ ਸਿੰਘ ਹੋਠੀਆਂ ਵਾਲਿਆਂ ਦਾ ਵੱਡਾ ਪਰਿਵਾਰ ਹੈ ਉਹਨਾਂ ਦੇ ਘਰੋਂ ਬੀਬੀ ਲੰਗਰ ਦੀ ਮੁੱਖ ਸੇਵਾਦਾਰ ਸੀ।

ਨਿਤਨੇਮ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਰਿਕਾਰਡ ਉਪਦੇਸ਼ ਸਭ ਨੇ ਸਰਵਣ ਕੀਤਾ ਉਪਰੰਤ ਰਾਗੀਆਂ ਕੀਰਤਨ ਕੀਤਾ। ਸੂਬਾ ਹਰਭਜਨ ਸਿੰਘ ਹੋਰਾਂ ਸ੍ਰੀ ਸਤਿਗੁਰੂ ਜੀ, ਮਾਤਾ ਜੀ ਤੇ ਆਈ ਸੰਗਤ ਦਾ ਸਵਾਗਤ ਕੀਤਾ। ਅਗਲੇ ਦਿਨ 11 ਮਈ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੀ ਇਸੇ ਹਾਲ ਵਿੱਚ ਹੋਇਆ। ਸ੍ਰੀ ਸਤਿਗੁਰੂ ਜੀ ਪਾਵਨ ਉਪਦੇਸ਼ ਦੀ ਬਖਸ਼ਿਸ਼ ਕਰਦਿਆਂ ਹੁਕਮ ਕੀਤਾ ਕਿ ਸਾਧ ਸੰਗਤ ਦੇ ਦਰਸ਼ਨ ਦਾ ਮੌਕਾ ਮਿਲਿਆ ਦੋ ਸਾਲਾਂ ਬਾਅਦ। ਇਹ ਨਾ ਹੋਵੇ ਕਿ ਅਸੀਂ ਆਏ ਹਾਂ 2 ਦਿਨ, 3 ਦਿਨ ਤੇ ਤੁਸੀਂ ਸਾਰੇ ਅਮ੍ਰਿਤ ਵੇਲੇ ਉੱਠ ਕੇ ਆਸਾ ਦੀ ਵਾਰ ਵਿੱਚ ਆਵੋ ਨਾਮ ਜਪੋ ਤੇ ਫੇਰ ਬਾਅਦ ਚ ਨਾ ਹੋਵੇ। ਅਜ ਰਾਗੀਆਂ ਸ਼ਬਦ ਪੜਿਆ ਸੀ 'ਪ੍ਰਭ ਜੀ ਕੋ ਨਾਮ ਜਪਤ ਮਨ ਚੈਨ॥ ' ਏਥੇ ਆ ਕੇ ਨਾਮ ਜੱਪਕੇ ਮਨ ਨੂੰ ਚੈਨ ਮਿਲਦਾ। ਜੇ ਨਹੀਂ ਮਿਲਿਆ ਤਾਂ ਪਤਾ ਤਾਂ ਲਗਦਾ ਕਿ ਨਾਮ ਜਪਣ ਨਾਲ ਚੈਨ ਮਿਲਦਾ ਹੈ ਸ਼ਾਂਤੀ ਮਿਲਦੀ ਹੈ, ਨਾਮ ਜਪਿਆ ਕਰੋ,ਗੁਰਬਾਣੀ ਦੀ ਐਪ ਭੈਣੀ ਸਾਹਿਬ ਵਾਲੀ ਜਰੂਰ ਡਾਊਨਲੋਡ ਕਰੋ, ਇਸ ਵਿੱਚ ਤੁਸੀ ਨਿਤਨੇਮ ਦੀਆਂ ਬਾਣੀਆਂ ਪੜ ਸੁਣ ਸਕਦੇ ਹੋ। ਉਪਦੇਸ਼ ,ਕਥਾ ਕੀਰਤਨ ਸੁਣ ਸਕਦੇ ਹੋ। ਮੇਰਾ ਜੀ ਕਰਦਾ ਹੈ ਕਿ ਤੁਸੀਂ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਵੋ ਭਾਵ ਤੁਹਾਡੇ ਬੱਚਿਆਂ ਚੋਂ ਕੋਈ ਸ਼ਬਦ ਸੁਣਾਏ, ਕੋਈ ਸਾਖੀ ਸੁਣਾਏ ਜਾਂ ਗੁਰਬਾਣੀ ਸੁਣਾਏ। ਉਪਰੰਤ ਸਾਧ ਸੰਗਤ ਨੇ ਲੰਗਰ ਛਕ ਆਪਣੇ ਡੇਰਿਆਂ ਨੂੰ ਪ੍ਰਸਥਾਨ ਕੀਤਾ। ਅਜ ਮੈਲਬੋਰਨ ਤੋਂ ਵੀ ਕੁਝ ਸਰੀਰ ਸ੍ਰੀ ਸਤਿਗੁਰੂ ਜੀ ਦੇ ਉਚੇਚਿਆਂ ਦਰਸਨਾਂ ਹਿਤ ਆਏ ਜਿਨਾਂ ਵਿੱਚ ਸੰਤ ਰਣਵੀਰ ਸਿੰਘ ਯਮੁਨਾਨਗਰ ਤੇ ਉਹਨਾਂ ਦਾ ਵੱਡਾ ਭਰਾ, ਜਥੇਦਾਰ ਸੁਮਿੱਤਰ ਸਿੰਘ ਲੁਹਾਰਾਂ ਤੇ ਉਹਨਾਂ ਦਾ ਭਰਾ ਨਾਲ ਸੰਤ ਮਹਿੰਦਰ ਸਿੰਘ

ਬਹਾਦਰਗੜੀਏ। ਦਿਨੇ ਸਿਡਨੀ ਹਰਬਰ ਨੈਸ਼ਨਲ ਪਾਰਕ ਵਿਖੇ ਸਤਿਗੁਰੂ ਜੀ ਨਾਲ ਜਾਣ ਦਾ ਸੁਭਾਗ ਮਿਲਿਆ। ਸਮੁੰਦਰ ਦੇ ਕੰਢੇ ਇੱਕ ਲੰਬੀ ਸੈਰ ਤੋਂ ਬਾਅਦ ਛਲਕ ਰਹੀਆਂ ਲਹਿਰਾਂ ਤੇ ਸਾਫ ਸੁਥਰੇ ਬੀਚ ਕਿਨਾਰੇ ਖੜੋ ਅੱਜ ਸਤਿਗੁਰੂ ਜੀ ਨੇ ਪੁਰਾਣੇ ਨਾਮਧਾਰੀ ਸਿੰਘਾਂ ਤੇ ਜਥੇਦਾਰਾਂ ਦੇ ਬਚਨ ਸੁਣਾਏ ਕਿ ਕਿਵੇਂ ਉਹਨਾਂ ਦੀ ਅਵਸਥਾ ਸੀ। ਕੋਈ ਮੰਗ ਨਹੀਂ, ਕੋਈ ਕਿਸੇ ਤੋਂ ਸ਼ਿਕਵਾ ਨਹੀਂ, ਇਹ ਭਜਨ ਬਾਣੀ ਤੇ ਸਤਿਗੁਰਾਂ ਦਾ ਪ੍ਰਤਾਪ ਹੀ ਸੀ। ਸਤਿਗੁਰੂ ਜੀ ਸੰਤ ਬਲਵੰਤ ਸਿੰਘ ਬਿੜਦੀ ਫਾਰਮ ਵਾਲਿਆਂ ਨੂੰ ਵੀ ਯਾਦ ਕੀਤਾ ਕਿ ਜੇ ਕਿਸੇ ਸੰਤਾਂ ਕੋਲ ਕਿਸੇ ਦੀ ਸ਼ਿਕਾਇਤ ਕਰਨੀ ਕਿ ਸੰਤ ਜੀ ਫਲਾਣਾ ਆਦਮੀ ਇੰਝ ਕਰਦਾ ਹੈ ਤਾਂ ਉਹਨਾਂ ਕਹਿਣਾ ਸਤਿਗੁਰਾਂ ਨੇ ਉਹਨੂੰ ਬਣਾਇਆ ਈ ਇਸ ਤਰਾਂ ਦਾ ਹੋਵੇਗਾ, ਕੋਈ ਗਲ ਨਹੀਂ। ਏਥੇ ਪਾਰਕ ਵਿੱਚ ਹੀ ਸਾਰਿਆਂ ਦੇ ਛਕਣ ਵਾਸਤੇ ਸਾਧ ਸੰਗਤ ਵਲੋਂ ਜੂਸ ਤੇ ਹੋਰ ਪਦਾਰਥਾਂ ਆਦਿ ਦਾ ਇੰਤਜ਼ਾਮ ਕੀਤਾ ਗਿਆ ਸੀ। ਨੌਜਵਾਨ ਸਾਰੇ ਲਿਫਾਫੇ ਆਦਿਕ ਨਾਲ ਦੀ ਨਾਲ ਸੰਭਾਲ ਰਹੇ ਸਨ ਤਾਂ ਕਿ ਕੂੜਾ ਨਾ ਰਹਿ ਜਾਵੇ। ਸੱਚੇ ਪਾਤਿਸ਼ਾਹ ਜੀ ਮੈਨੂੰ ਹੁਕਮ ਕੀਤਾ ਕਿ ਵੇਖ ਇਹ ਮੁੰਡੇ ਵੀ ਤਾਂ ਭਾਰਤੋਂ ਆਏ ਹਨ , ਪਰ ਏਥੇ ਆ ਕੇ ਇਹ ਕਿੰਨੀ ਸਫਾਈ ਦਾ ਖਿਆਲ ਰੱਖਦੇ ਨੇ।

ਬੱਚਿਆਂ ਦਾ ਪ੍ਰੋਗਰਾਮ: ਅੱਜ ਸ਼ਾਮ ਦੇ ਨਿਤਨੇਮ ਦੌਰਾਨ ਪੰਡਤ ਯਾਦਵਿੰਦਰ ਸਿੰਘ ਹੋਰਾਂ ਕਥਾ ਕੀਤੀ ਤੇ ਰਾਗੀ ਬਲਵੰਤ ਸਿੰਘ ਹੋਰਾਂ ਦੋ ਸ਼ਬਦ ਗਾਇਨ ਕੀਤੇ ਪਹਿਲਾ "ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥" ਦੂਸਰਾ ਕਹਿਰਵੇ ਚ ਕਬੀਰ ਜੀ ਦਾ ਸ਼ਬਦ "ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮਾਰੀ॥" ਅਰਦਾਸ ਉਪਰੰਤ ਬਾਅਦ ਵਿੱਚ ਸਵੇਰੇ ਹੋਏ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਿਸ਼ੇਸ਼ ਤੌਰ ਤੇ ਬੱਚਿਆਂ ਦਾ ਪ੍ਰੋਗਰਾਮ ਕੀਤਾ ਗਿਆ ਸੀ। ਸਾਰਾ ਸਟੇਜ ਬੱਚਿਆਂ ਨਾਲ ਭਰ ਗਿਆ। ਇਹ ਸਾਰੇ ਸਿਡਨੀ ਦੇ ਉਹ ਬੱਚੇ ਸਨ ਜਿਨਾਂ ਨੂੰ ਨੌਜਵਾਨ ਜਗਚਾਨਣ ਸਿੰਘ ਆਪਣੇ ਘਰ ਬੁਲਾ ਪੰਜਾਬੀ ਵੀ ਸਿਖਾਉਂਦਾ ਹੈ ਤੇ ਗੁਰਬਾਣੀ ਵੀ। ਅੱਜ ਹੇਠ ਲਿਖੇ ਬੱਚਿਆਂ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਗੁਰਬਾਣੀ,ਕਵਿਤਾ,ਲੈਕਚਰ ਆਦਿ ਸੁਣਾਏ। 1.ਕਾਕਾ ਜੈ ਦੇਵ ਸਿੰਘ (ਮੈਂ ਸਿੱਖ ਹਾਂ ਗੁਰੂ ਦਾ-ਕਵਿਤਾ) 2. ਜੈ ਕੌਰ (ਲੈਕਚਰ -ਸ੍ਰੀ ਸਤਿਗੁਰੂ ਰਾਮ ਸਿੰਘ ਜੀ) 3.ਵਿਜੇ ਸਿੰਘ (ਜਪੁ-ਬਾਣੀ) 4.ਸੁਜਨੀਤ ਕੌਰ 5.ਜੈ ਸਿੰਘ 6.ਦੇਵਜੀਤ ਸਿੰਘ 7.ਸੰਤਾ ਸਿੰਘ 8.ਸਤਨਾਮ ਸਿੰਘ 9.ਅਵਲੀਨ ਕੌਰ 10.ਕਰਤਾਰ ਸਿੰਘ 11.ਕੁੰਦਨ ਸਿੰਘ 12.ਹਰਨਾਮ ਸਿੰਘ 13.ਦਿਵਜੋਤ ਕੌਰ (ਜੀਵਨ-ਸਤਿਗਰੂ ਨਾਨਕ ਦੇਵ ਜੀ) 14.ਜੋਰਾਵਰ ਸਿੰਘ (ਮੂਲ ਮੰਤਰ) 15.ਨਮਨਦੀਪ ਸਿੰਘ (ਗੁਰੂ ਨਾਨਕ) 16.ਸਿਮਰਨ ਕੌਰ (ਸੁਖਮਨੀ ਸਾਹਿਬ ਅਸ਼ਟਪਦੀ) 17.ਸੰਤਾ ਸਿੰਘ ਹੋਠੀਆਂ (ਰਹਿਤਨਾਮਾ ਪਾ 12ਵੀਂ) 18.ਕਾਕਾ ਰਣਵੀਰ ਸਿੰਘ

ਸ੍ਰੀ ਹਜ਼ੂਰ ਨੇ ਸਟੇਜ ਤੋਂ ਉਤਰ ਸਾਰੇ ਬੱਚਿਆਂ ਨੂੰ ਕੋਲ ਬੁਲਾ ਸ਼ਾਬਾਸ਼ ਦਿੱਤੀ ਤੇ ਹੋਰ ਮਿਹਨਤ ਕਰਨ ਲਈ ਹੁਕਮ ਕੀਤਾ। ਬੱਚੇ ਖੁਸ਼ੀ ਨਾਲ ਸਰਸ਼ਾਰ ਸਨ ਉਹਨਾ ਦੀ ਮਿਹਨਤ ਰੰਗ ਲਿਆਈ ਸੀ ਕਿ ਉਹਨਾਂ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੋਲਣ ਦਾ ਮੌਕਾ ਮਿਲਿਆ ਸੀ ਤੇ ਨਾਲ ਹੀ ਆਸ਼ੀਰਵਾਦ ਵੀ ਮਿਲਿਆ। 13 ਮਈ ਦੀ ਸਵੇਰ ਦੀ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਅੱਜ ਸੰਤ ਨਿਸ਼ਾਨ ਸਿੰਘ ਜੀ ਤੇ ਮੈਨੂੰ ਇੱਕ ਐਫ ਐਮ ਰੇਡੀਓ ਦੀ ਟਾਕ ਤੇ ਜਾਣ ਦਾ ਹੁਕਮ ਹੋਇਆ ਅਤੇ ਨਾਲ ਹੀ ਮੈਨੂੰ ਹੁਕਮ ਹੋਇਆ ਕਿ ਤੂੰ ਅੱਜ ਸ਼ਾਮ ਨੂੰ ਹੱਲੇ ਦਾ ਦੀਵਾਨ ਲਾਉਣਾ ਹੈ। ਸਿਡਨੀ ਤੋਂ ਚੱਲਦੇ ਇੱਕ ਪ੍ਰਾਈਵੇਟ ਪੰਜਾਬੀ ਰੇਡੀਓ ਸਟੇਸ਼ਨ ਜਿਸ ਦੇ ਸੰਚਾਲਕ ਸ੍ਰੀ ਸ਼ਾਮ ਕੁਮਾਰ ਜੀ ਹਨ ਉਹਨਾਂ ਦੇ ਮਿੱਤਰ ਸ. ਸ਼ਾਮ ਸਿੰਘ ਜੀ ਹੋਠੀਆਂ ਵਾਲਿਆਂ ਸਤਿਗੁਰੂ ਜੀ ਕੋਲ ਅਰਜ਼ ਕਰ ਇਹ ਪ੍ਰੋਗਰਾਮ ਬਣਾਇਆ ਸੀ। 99.9 ਐਫ.ਐਮ. ਰੇਡੀਓ ਤੇ ਗੱਲਬਾਤ ਦੇ ਦੌਰਾਨ ਸਤਿਗਰੂ ਰਾਮ ਸਿੰਘ ਜੀ ਤੋਂ ਲੈ ਕੇ ਹਜ਼ੂਰ ਸਤਿਗੁਰੂ ਜੀ ਤਕ ਨਾਮਧਾਰੀ ਸਮਾਜ ਦੇ ਧਾਰਮਿਕ, ਰਾਜਨੀਤਕ, ਸਮਾਜਿਕ ਆਦਿ ਹਰ ਪੱਖ ਤੇ ਸੰਖੇਪ ਵਿੱਚ ਵਿਚਾਰ ਵਿਮਰਸ਼ ਕੀਤਾ ਗਿਆ। ਸਾਡੇ ਵਾਸਤੇ ਖੁਸ਼ੀ ਦੀ ਗਲ ਇਹ ਸੀ ਕਿ ਸਤਿਗੁਰੂ ਜੀ ਆਪ ਇਹ ਬਰੋਡਕਾਸਟਿੰਗ ਸਰਵਣ ਕਰ ਰਹੇ ਸਨ। ਵਾਪਿਸ ਡੇਰੇ ਆ ਪਤਾ ਚੱਲਿਆ ਕਿ ਅੱਜ ਬਲਿਊ ਮਾਊਂਟੇਨ ਜਾਣਾ ਹੈ ਸਤਿਗੁਰੂ ਜੀ ਨਾਲ ਸਾਰਿਆਂ ਨੇ। ਇੱਕ ਬੱਸ ਤੇ ਕੁਝ ਕਾਰਾਂ ਸਾਰੀ ਸੰਗਤ ਇੰਗਲੈਂਡ, ਕੈਨੇਡਾ, ਭਾਰਤੋਂ ਆਏ ਅਸੀਂ ਸਾਰੇ ਸਵਾਰ ਹੋ ਗਏ। ਇੱਕ ਜਗਾ ਤੇ ਖੜੋ ਤਿੰਨ ਪਹਾੜੀਆਂ ਦਿਖਾਈ ਦੇ ਰਹੀਆਂ ਸਨ ਜਿੰਨਾਂ ਨੂੰ ਥਰੀ ਸਿਸਟਰਜ਼ ਭਾਵ ਤਿੰਨ ਭੈਣਾ ਕਹਿੰਦੇ ਹਨ। ਠੰਢੀ ਸੀਤ ਹਵਾ ਚਲ ਰਹੀ ਸੀ। ਦੂਰੋਂ ਨੀਲੀ ਭਾਅ ਮਾਰਦੇ ਪਹਾੜਾਂ ਨੂੰ ਅਸੀਂ ਸਾਰੇ ਆਪਣਿਆਂ ਕੈਮਰਿਆਂ ਚ ਕੇਦ ਕਰਨ ਲੱਗੇ। ਕੋਸ਼ਿਸ਼ ਸੀ ਕਿ ਇਸ ਨਜ਼ਾਰੇ ਦੀ ਯਾਦ ਨੂੰ ਸਤਿਗੁਰੂ ਜੀ ਨਾਲ ਤਸਵੀਰ ਖਿਚਾਕੇ ਸੰਭਾਲ ਲਈਏ। ਸੂਰਤਪਾਲ ਸਿੰਘ ਨੇ ਇਹ ਕੰਮ ਵਿਸ਼ੇਸ਼ ਤੌਰ ਤੇ ਕਰ ਲਿਆ ਸੀ। ਇਕ ਪ੍ਰੋਢ ਜੋੜਾ ਮਿਲਿਆ ਭਾਰਤੀ ਸੀ ਅਮ੍ਰਿਤਸਰ ਜ਼ਿਲ੍ਹੇ ਦਾ, ਰਹਿੰਦਾ ਅਮਰੀਕਾ ਸੀ। ਉਹ ਵੀ ਘੁੰਮਣ ਆਏ ਹੋਏ ਸਨ। ਸਾਨੂੰ ਵੇਖ ਉਹਨਾਂ ਪੁੱਛਿਆ ਤਾਂ ਮੈ ਦਸਿਆ ਕਿ ਅਸੀਂ ਸ੍ਰੀ ਸਤਿਗੁਰੂ ਜੀ ਨਾਲ ਆਸਟ੍ਰੇਲੀਅਨ ਦੌਰੇ ਤੇ ਆਏ ਹਾਂ ਉਸਨੇ ਕਿਹਾ ਕਿ ਉਹਦਾ ਪਿਛੋਕੜ ਵੀ ਨਾਮਧਾਰੀ ਸੀ ਮੈਨੂੰ ਦਰਸ਼ਨ ਕਰਵਾਓ ਤੇ ਮੈਂ ਫੋਟੋ ਵੀ ਖਿਚਵਾਉਣੀ ਹੈ। ਮੈਂ ਸਤਿਗੁਰੂ ਜੀ ਕੋਲ ਅਰਜ਼ ਕੀਤੀ ਪਾਤਿਸ਼ਾਹ ਜੀ ਮਨਜ਼ੂਰੀ ਦੇ ਦਿਤੀ। ਉਹ ਕਹਿਣ ਲੱਗਾ ਜੀ ਨਾਮਧਾਰੀ ਮਰਯਾਦਾ ਚ ਨਹਾਉਣਾ ਬਹੁਤ ਪੈਂਦਾ ਸੀ, ਕੰਮ ਕਾਰ ਕਰਨ ਵੇਲੇ ਔਖਾ ਹੋ ਜਾਂਦਾ ਸੀ ਨਾਲੇ ਖਾਣ ਪੀਣ ਲੱਗ ਪਏ। ਪਾਤਿਸ਼ਾਹ ਜੀ ਬੜੀ ਸਹਿਜਤਾ ਨਾਲ ਬਚਨ ਕੀਤਾ 'ਅਸੀਂ ਜਿੰਨੇ ਵੀ ਏਥੇ ਖੜੇ ਹਾਂ ਸਾਰੇ ਹੀ ਕੰਮ ਕਰਨ ਵਾਲੇ ਹਾਂ"

Sri Satguru Jagjit Singh Ji Elibrary NamdhariElibrary@gmail.com

ਭਾਵ ਮਰਯਾਦਾ ਦਾ ਪਾਲਨ ਕਰਦਿਆਂ ਵੀ ਕੰਮ ਕੀਤਾ ਜਾ ਸਕਦਾ ਹੈ। ਸਤਿਗੁਰੂ ਜੀ ਲੰਬੀ ਸੈਰ ਲਈ ਚਲ ਪਏ, ਅਸੀਂ ਵੀ ਪਿੱਛੇ ਪਿੱਛੇ। ਅਗਾਂਹ ਜਾ ਕੇ ਇੱਕ ਰੋਪ ਟਰੇਨ ਤੇ ਸਵਾਰ ਹੋ ਅਸੀਂ ਖੱਡ ਪਾਰ ਕਰ ਪਹਾੜੀ ਦੇ ਦੂਸਰੇ ਪਾਸੇ ਪੁੱਜੇ। ਰੋਪ ਟਰੇਨ ਦੇ ਚਾਰੇ ਪਾਸੇ ਸ਼ੀਸ਼ੇ ਸਨ ਸੈਂਕੜੇ ਫੁੱਟ ਨੀਚੇ ਖਡ ਵਿੱਚ ਵਗਦੇ ਝਰਨੇ ਕੁਦਰਤ ਦਾ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੇ ਸਨ।

ਇਸ ਤੋਂ ਬਾਅਦ ਅਸੀਂ ਇਕ ਟਰੇਨ ਤੇ ਹੇਠਾਂ ਜਾਣਾ ਸੀ ਜੋ ਕਿ ਵੱਡੇ ਲੋਹੇ ਦੇ ਰੱਸਿਆਂ ਨਾਲ ਵਜਨ ਪਾਕੇ ਬੰਨੀ ਹੋਈ ਸੀ। ਇਸ ਦਾ ਇੰਤਜ਼ਾਰ ਕਰਨ ਵਾਲਿਆਂ ਦੇ ਮਨੋਰੰਜਨ ਲਈ ਡੀਜ਼ੇਮਬਾ ਨਾਮਕ ਡਰੱਮ ਗੋਰੇ ਵਜਾ ਰਹੇ ਸਨ। ਸਾਡੇ ਵਿੱਚ ਹਰਪ੍ਰੀਤ ਸਿੰਘ ਸੋਨੂੰ ਤਬਲੇ ਵਾਲਿਆਂ ਉਹਨਾਂ ਤੋਂ ਫੜ ਡੀਜ਼ੇਮਬਾ ਤੇ ਆਪਣੀਆਂ ਉਂਗਲੀਆਂ ਦੀ ਕਲਾਕਾਰੀ ਵਿਖਾਈ ਤਾਂ ਲੋਕ ਵੀਡੀਓ ਬਨਾਣ ਲੱਗੇ, ਸਾਰਿਆਂ ਤਾੜੀਆਂ ਮਾਰੀਆਂ। ਏਨੇ ਨੂੰ ਸਾਡੀ ਗੱਡੀ ਨੇ ਆਣ ਹਾਰਨ ਦਿੱਤਾ। ਪਹਿਲੀ ਬੋਗੀ ਵਿੱਚ ਸਤਿਗੁਰੂ ਜੀ, ਮਾਤਾ ਜੀ ਤੇ ਸੂਬਾ ਸਤਨਾਮ ਸਿੰਘ ਜੀ ਬਾਕੀ ਪਿਛਲੀਆਂ ਵਿੱਚ ਅਸੀਂ ਸਾਰੇ ਬੈਠ ਗਏ। ਸਿਗਨਲ ਹੋਇਆ ਏਡੀ ਤੇਜ਼ੀ ਨਾਲ ਇਕ ਹਨੇਰੀ ਸੁਰੰਗ ਵਿੱਚੋਂ ਦੀ ਹੁੰਦੀ ਹੋਈ ਗੱਡੀ ਇੱਕ ਖੱਡ ਵਲ ਵਧੀ ਕਿ ਇਸਦਾ ਅਲੱਗ ਹੀ ਰੋਮਾਂਚ ਸੀ। ਕਈਆਂ ਦੀਆਂ ਤਾਂ ਚੀਖਾਂ ਹੀ ਨਿਕਲ ਗਈਆਂ। ਹੁਣ ਵਲਵਲੇਵੇਂ ਖਾਂਦੀ ਪਹਾੜੀ ਦੀ ਪਗਡੰਡੀ ਤੇ ਪੈਦਲ ਮਾਰਚ ਸ਼ੁਰੂ ਹੋ ਗਿਆ। ਕਿਤੇ ਵਗਦੇ ਝਰਨੇ ਉਪਰ ਲੱਕੜ ਦਾ ਪੁਲ,ਕਿਤੇ ਹਨੇਰਾ ਕਿਤੇ ਸੂਰਜ ਦੇਵਤੇ ਦੀ ਝਾਤ। ਚਿੜੀਆਂ ਦੀ ਚੂੰ-ਚੂੰ ਕੁਦਰਤ ਦੀ ਗੋਦ ਦਾ ਅਲੱਗ ਹੀ ਆਨੰਦ ਸੀ। ਸਤਿਗੁਰੂ ਜੀ ਮਨ ਦੀ ਭਟਕਣਾ ਦੂਰ ਕਰਨ ਹਿਤ ਨਾਮ ਜਪਾਉਂਦੇ ਹਨ ਗੁਰਬਾਣੀ ਸੁਣਾਉਂਦੇ ਹਨ ਤੇ ਤਨ ਦੀ ਅਟਕਣਾ ਦੂਰ ਕਰਨ ਲਈ ਮੀਲਾਂ ਦੇ ਮੀਲ ਤੁਰਾਉਂਦੇ ਵੀ ਬਹੁਤ ਹਨ ਕਿਉਂਕਿ ਉਹ ਜਾਣਦੇ ਹਨ ਕਿ ਅਗਰ ਮੇਰੇ ਸਿੱਖ ਤੰਦਰੁਸਤ ਹੋਣਗੇ ਤਾਂ ਹੀ ਭਜਨ ਬਾਣੀ ਵੀ ਕਰ ਸਕਣਗੇ। ਅਗਾਂਹ ਜਾ ਉੱਪਰ ਸਿਖਰ ਤੇ ਜਾਣ ਲਈ ਇਕ ਹਜ਼ਾਰ ਦੇ ਕਰੀਬ ਪੌੜੀਆਂ ਸਨ ਉਹ ਵੀ ਸਿੱਧੀਆਂ। ਕੁਝ ਮੋੜਾਂ ਤੇ ਈਕੋ ਪੁਆਇੰਟ ਸਨ ਜਿੱਥੇ ਆਵਾਜ਼ ਮਾਰੋ ਤਾਂ ਫੈਲਦੀ ਸੀ। ਜ਼ਿਆਦਾ ਦਰੱਖਤ ਰੁੱਖ ਸਫੈਦੇ ਦੀ ਪ੍ਰਜਾਤੀ ਦੇ ਸਨ। ਜਾਨਵਰ ਕੋਈ ਨਹੀ ਪਰ ਕਿਤੇ ਕਿਤੇ ਸੱਪ ਦੇ ਸਾਈਨ ਬੋਰਡ ਲੱਗੇ ਸਨ। ਚਿੜੀਆਂ, ਤੋਤੇ ਪਹਾੜੀ ਕਾਂ ਦਿਖਾਈ ਦਿੱਤੇ। ਸ਼ਾਮ ਹੋ ਗਈ ਸੀ ਨਾਲ ਲਿਆਂਦੇ ਛਕਣ ਛਕਾਉਣ ਵਾਲੇ ਪਦਾਰਥ ਸਾਰਿਆਂ ਪਾਰਕ ਚ ਬੈਠ ਛਕੇ ਤੇ ਵਾਪਸੀ ਰਵਾਨਗੀ ਕੀਤੀ।

ਸ਼ਾਮ ਹਾਲ ਵਿੱਚ ਪੁੱਜਦਿਆਂ ਸਵਾ ਛੇ ਹੋ ਗਏ ਸਾਨੂੰ ਸ਼ਾਇਦ ਨਿਤਨੇਮ ਦੀ ਅਰਦਾਸ ਸਤਿਗਰੂ ਜੀ ਕਾਰ ਵਿੱਚ ਹੀ ਕਰ ਲਈ ਸੀ। ਨਿਤਨੇਮ ਤੋਂ ਬਾਅਦ ਮੇਰਾ ਦੀਵਾਨ ਸੀ ਭਾਈ ਮੰਝ ਜੀ ਦੀ ਸਾਖੀ ਸੁਣਾ ਸੇਵਾ ਤੇ ਸੇਵਕ ਦਾ ਪਰਸੰਗ ਰੱਖਣ ਦੀ ਕੋਸ਼ਿਸ਼ ਕੀਤੀ। ਸ੍ਰੀ ਸਤਿਗੁਰੂ ਜੀ ਦੀਵਾਨ ਤੋਂ ਬਾਅਦ ਮੈਨੂੰ ਖੁਸ਼ੀਆਂ ਬਖਸ਼ੀਆਂ। ਲੰਗਰ ਛਕ ਸਾਰੇ ਘਰਾਂ ਨੂੰ ਚਲੇ ਗਏ। ਉਂਜ ਬਹੁਤ ਸਾਰੇ ਖੁੱਲੇ ਸਰੀਰ ਵੀ ਦਰਸ਼ਨਾਂ ਨੂੰ ਆਏ ਸਨ। ਅਖੀਰੀ ਦਿਨ ਸਤਿਨਾਮ ਸਿੰਘ ਹੋਠੀਆਂ ਦੇ ਘਰ ਆਸਾ ਦੀ ਵਾਰ ਦਾ ਕੀਰਤਨ ਹੋਇਆ। ਸਤਨਾਮ ਸਿੰਘ ਹੋਰੀਂ ਤਿੰਨੇ ਭਰਾ ਤੇ ਉਹਨਾਂ ਦੀਆਂ ਪਤਨੀਆਂ ਬੱਚੇ ਸਾਰੇ ਹੀ ਬੜੀ ਸੇਵਾ ਵਾਲੇ ਹਨ। ਇਹ ਆਪਣੀ ਮਾਤਾ ਨਾਲ ਤਿੰਨੇ ਭਰਾ ਇਕੋ ਛਤ ਹੇਠ ਰਹਿੰਦੇ ਹਨ। ਸਤਨਾਮ ਸਿੰਘ ਨੇ ਦੱਸਿਆ ਕਿ ਇਹਨਾਂ ਤਿੰਨਾਂ ਦੀਆਂ ਘਰਵਾਲੀਆਂ ਚਾਹੇ ਨਾਮਧਾਰੀ ਪਰਿਵਾਰਾਂ ਵਿੱਚੋਂ ਨਹੀਂ ਪਰ ਫੇਰ ਵੀ ਪੂਰੀ ਤਰਾਂ ਨਾਮਧਾਰੀ ਹਨ। ਹਰ ਹਫਤੇ ਹੋਣ ਵਾਲਾ ਸਾਧ ਸੰਗਤ ਦਾ ਸਾਂਝਾ ਨਿਤਨੇਮ ਜੇ ਕਿਸੇ ਘਰ ਵਾਰੀ ਨਹੀਂ ਆਈ ਤਾਂ ਤਿੰਨੇ ਭਰਾਵਾਂ ਨੇ ਸਾਧ ਸੰਗਤ ਨੂੰ ਬੇਨਤੀ ਕਰ ਰੱਖੀ ਹੈ ਕਿ ਭਾਵੇਂ ਹਰ ਹਫਤੇ ਨਿਤਨੇਮ ਇਹਨਾਂ ਘਰ ਹੀ ਹੋਵੇ। ਵਾਰ ਦੌਰਾਨ ਜਦੋਂ ਰਾਗੀ ਬਲਵੰਤ ਸਿੰਘ ਹੋਰਾਂ ਸਬਦ ਪੜਿਆ ਕਿ "ਗੋਬਿੰਦ ਭਾਉ ਭਗਤਿ ਦਾ ਭੁਖਾ" ਤਾਂ ਸਤਨਾਮ ਸਿੰਘ ਭਾਵ ਵਿਭੋਰ ਹੋ ਸਤਿਗੁਰੂ ਜੀ ਵੱਲ ਵੇਖ ਅੱਖੀਆਂ ਛਲਕਾ ਰਿਹਾ ਸੀ। ਸਤਿਗੁਰੂ ਜੀ ਆਪਣੇ ਸਿੱਖਾਂ ਦੇ ਘਰ ਕਿਰਪਾ ਕੀਤੀ ਸੀ। ਇੱਕ ਭਰਾ ਗੋਲਡੀ ਸਤਿਗੁਰੂ ਜੀ ਵਾਲੀ ਕਾਰ ਚਲਾਉਣ ਦੀ ਸੇਵਾ ਵਿੱਚ ਸੀ। ਹੁਣ ਵਕਤ ਆ ਗਿਆ ਸੀ ਦੌਰਾ ਅਗਾਂਹ ਵਧਣ ਦਾ ਸਾਧ ਸੰਗਤ ਉਦਾਸ ਵਿਖਾਈ ਦੇ ਰਹੀ ਸੀ, ਪੀਆ ਜਾ ਰਹੇ ਸਨ। ਸੰਗਤ ਅਰਜ਼ ਕਰ ਰਹੀ ਸੀ ਮੁੜ ਕਦ ਆਓਗੇ? ਜਲਦੀ ਦਰਸ਼ਨ ਦੇਣਾ, ਫਸਲਾਂ ਦੇ ਮਾਲੀ ਸਾਡਾ ਸਭ ਕੁਝ ਤੁਸੀਂ ਹੀ ਹੋ। ਸ੍ਰੀ ਸਤਿਗੁਰੂ ਜੀ ਸਿਡਨੀ ਏਅਰਪੋਰਟ ਤੋਂ ਸਿੱਖਾਂ ਸੇਵਕਾਂ ਸਮੇਤ ਆਸਟ੍ਰੇਲੀਆ ਦੌਰੇ ਦੇ ਆਖੀਰਲੇ ਪੜਾਅ ਮੈਲਬੋਰਨ ਵੱਲ ਉਡਾਣਾ ਭਰੀਆਂ।

(ਚੱਲਦਾ).........

(ਅਗਲੀ ਵਾਰ ਤੁਸੀਂ ਪੜੋਗੇ ਮੈਲਬੋਰਨ ਚ ਜਗਜੀਤ ਮੰਦਰ ਦਾ ਉਦਘਾਟਨ, ਨੌਜਵਾਨਾਂ ਨੂੰ ਬੇਅੰਤ ਖੁਸ਼ੀਆਂ, ਬੱਚਿਆਂ ਦਾ ਵਿਦਿਅਕ ਸੰਮੇਲਨ ਆਦਿ)

ਸੁਖਵਿੰਦਰ ਸਿੰਘ ਲਾਇਲ, 9815377811

Sri Satguru Jagjit Singh Ji Elibrary NamdhariElibrary@gmail.com

ਅਮੀਰੀ ਅਤੇ ਫਕੀਰੀ ਦਾ ਸੰਗਮ
ਸ. ਜਗਮੋਹਨ ਸਿੰਘ

-ਅਜੀਤ ਸਿੰਘ 'ਲਾਇਲ'

ਸਾਡੇ ਬਹੁਤ ਪਿਆਰੇ ਸਤਿਕਾਰੇ ਤੇ ਮੁਹੱਬਤਾਂ ਦੇ ਵਣਜਾਰੇ ਸ. ਜਗਮੋਹਨ ਸਿੰਘ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਉਨ੍ਹਾਂ ਦੀਆਂ ਪ੍ਰੀਤਾਂ ਤੇ ਮੋਹ ਦੀਆਂ ਬੀਜੀਆਂ ਹੋਈਆਂ ਪੁਸ਼ਪ ਬਗੀਚੀਆਂ ਵਿੱਚੋਂ ਸਦਾ ਹੀ ਉਨ੍ਹਾਂ ਦੀ ਮਹਿਕ ਆਉਂਦੀ ਰਹੇਗੀ ਤੇ ਉਨ੍ਹਾਂ ਦੇ ਫਕੀਰੀ ਅਕਸ ਦੀ ਝਲਕ ਪੈਂਦੀ ਰਹੇਗੀ। ਸ. ਜਗਮੋਹਨ ਸਿੰਘ ਇਕ ਸੰਸਥਾ ਸਨ ਜਿਸ ਦੇ ਉਹ ਸਰਬਰਾਹ ਸਨ। ਬੇਸ਼ੱਕ ਇਹ ਉਦਯੋਗਪਤੀਆਂ ਦੀ ਅਹਿਮ ਇਕੱਤਰਤਾ ਹੋਵੇ, ਸਾਹਿਤਕਾਰਾਂ ਦੀ ਵਿਚਾਰ ਚਰਚਾ, ਧਾਰਮਿਕ ਸੰਗਤ, ਸੰਗੀਤ ਮਈ ਮਹਿਫਲ ਜਾਂ ਯਾਰਾਂ ਦੋਸਤਾਂ ਦਾ ਇਕੱਠ। ਸ. ਜਗਮੋਹਨ ਸਿੰਘ ਜੀ ਦੀ ਸ਼ਖਸ਼ੀਅਤ ਏਨੀ ਚੁੰਬਕੀ ਸੀ ਅਤੇ ਉਨ੍ਹਾਂ ਦੇ ਹਲੀਮੀ ਭਰੇ ਬੋਲ ਏਨੇ ਗਹਿਰੇ, ਸਹਿਜ ਤੇ ਤਰਲ ਹੋਇਆ ਕਰਦੇ ਸਨ ਸੁਨਣ ਵਾਲਾ ਉਨ੍ਹਾਂ ਦੇ ਫਕੀਰੀ ਮੁਖੜੇ ਤੇ ਇਕ-ਟਿਕ ਲਗਾ ਵੇਂਹਦਾ ਹੀ ਰਹਿੰਦਾ।

ਸੁਭਾਅ ਏਨਾ ਨਿਸੰਗ, ਮਲੰਗ ਤੇ ਫਿਰਾਕ ਦਿਲ ਜਿਵੇਂ ਸ਼ਮੀਲ ਦਾ ਇਕ ਸ਼ੇਅਰ ਹੈ:

ਵੋਹ ਕਰਮ ਕਰਤੇ ਹੈ ਯਾ ਹਮ ਪੇ ਕਰਮ ਸਿਤਮ ਕਰਤੇ ਹੈਂ।
ਇਸ ਨਜਰ ਸੇ ਹਮਨੇ ਉਨ੍ਹੇ ਕਭੀ ਦੇਖਾ ਹੀ ਨਹੀਂ।
ਦੋਸਤ ਕੋ ਦੋਸਤ ਸਮਝਨਾ ਤੋਂ ਇਕ ਹੈ ਇਕ ਬਾਤ ਸ਼ਮੀਲ।
ਹਮਨੇ ਦੁਸ਼ਮਨ ਕੋ ਭੀ ਦੁਸ਼ਮਨ ਕਭੀ ਸਮਝਾ ਹੀ ਨਹੀਂ।

ਉਸ ਦੀਆਂ ਮੋਹ-ਮੁਹੱਬਤਾਂ ਨੇ ਹੀ "ਸੁਰ ਸ਼ਬਦ ਮੰਚ" ਦੇ ਬੀਜ਼ ਬੀਜ਼ੇ, ਜੋ ਉੱਗੇ ਤੇ ਏਨੀ ਭਾਰੀ ਭਰਕਮ ਛਾਂ ਕੀਤੀ ਤੇ ਮਹਿਕ ਵਖੇਰੀ ਕਿ ਸੰਗੀਤ ਮਈ ਸ਼ਾਮ ਦੀਆਂ ਧੁਨਾ ਨੇ ਦੂਰ ਦੂਰ ਤੱਕ ਆਪਣ ਪਿਆਰਿਆਂ ਦਾ ਕਾਫਲਾ ਬਣਾ ਲਿਆ। ਜੋ ਇਸ ਪ੍ਰੋਗਰਾਮ ਦੀਆਂ ਸੁਰੀਲੀਆਂ ਸੁਰਾਂ ਤੇ ਉਸਦੀ ਖਾਤਰ ਦਾਰੀ ਲਈ ਧਾਅ ਕੇ ਆਉਂਦੇ।

ਮੈਨੂੰ ਇਨਾ ਸਾਰੇ ਪ੍ਰੋਗਰਾਮਾਂ ਦਾ ਮੰਚਨ ਕਰਨ ਦਾ ਸੁਭਾਗ ਮਿਲਿਆ ਤੇ ਉਨਾਂ ਨਾਲ ਮਿਲ ਵਿਚਾਰ ਕਰਨ ਤੇ ਪ੍ਰੋਗਰਾਮ ਨਿਭਾਉਣ ਦੀਆਂ ਜਿੰਮੇਵਾਰੀਆਂ ਵੀ।

ਸ. ਜਗਮੋਹਨ ਸਿੰਘ ਲਈ ਉਨ੍ਹਾਂ ਦੇ ਛੋਟੇ ਵੀਰ ਸੂਬਾ ਜੀ ਸਨ ਜਿਹਨਾਂ ਦਾ ਨਾਮ ਉਨ੍ਹਾਂ ਦੀ ਜੁਬਾਨ ਤੋਂ ਕਦੀ ਨਹੀਂ ਸੁਣਿਆ। ਉਹ ਹਮੇਸ਼ਾ ਸੂਬਾ ਜੀ ਕਹਿ ਕੇ ਹੀ ਸੰਬੋਧਨ ਕਰਦੇ ਅਤੇ ਉਸਤੋਂ ਛੋਟਿਆਂ ਨੂੰ ਬਖਸ਼ੀਸ਼ ਜੀ, ਜਿਨਾਂ ਦੇ ਸਹਿਯੋਗ ਨੇ, ਸੁਰ ਸ਼ਬਦ ਮੰਚ ਦੀ ਤੇ ਨਾਮਧਾਰੀ ਸਮਾਜ ਦੀ ਮਹਿਕ ਦੂਰ ਦੁਰਾਡੇ ਤੱਕ ਪਹੁੰਚਾਈ।

ਇਨ੍ਹਾਂ ਸਮਾਗਮਾਂ ਵਿਚ ਸਤਿਕਾਰ ਯੋਗ ਵਿਦਵਾਨ ਲੇਖਕ, ਬੁੱਧੀ ਜੀਵੀਆਂ, ਸਮਾਜਿਕ ਹਸਤੀਆਂ, ਸਰਕਾਰੀ ਅਫਸਰਾਂ ਇਥੋਂ ਤੱਕ ਕੇ ਪੁਲੀਸ ਮਹਿਕਮੇ ਦੀਆਂ ਸਿਰਕੱਢ ਹਸਤੀਆਂ ਨੇ ਪਹੁੰਚ ਅਨੰਦ ਮਾਣਿਆ-

ਸਤਿਕਾਰ ਯੋਗ ਡਾ. ਸੁਰਜੀਤ ਪਾਤਰ ਸਾਡੇ ਸਰਪਰਸਤ ਤਾਂ ਸਨ ਹੀ, ਸਲਾਹਕਾਰ ਵੀ ਸਨ, ਸਹਿਯੋਗੀ ਵੀ, ਤੇ ਅਗਵਾਈ ਕਰਨ ਵਾਲੇ ਵੀ।

ਇਹੀਓ ਸ਼ਾਮ ਫਿਰ 'ਬਸੰਤ ਪੰਚਮੀ' ਤੇ ਹੋਣ ਵਾਲੇ ਸਲਾਨਾ ਸਾਸਤ੍ਰੀ ਸੰਗੀਤ ਸਮਾਰੋਹ 'ਚ ਵਟ ਗਈ ਜਿਸ ਵਿਚ ਅੱਜ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿਚ ਸੰਸਾਰ ਪ੍ਰਸਿੱਧ ਉਸਤਾਦ ਹਾਜਰੀ ਭਰਦੇ ਹਨ।

ਜਿਵੇਂ ਉਸ ਸ਼ੇਅਰ ਦੀ ਪੂਰਤੀ ਹੀ ਹੋਈ ਹੋਵੇ ਕਿ
ਅਕੇਲੇ ਚਲੇ ਥੇ ਜਾਨ-ਵੇ ਮੰਜਿਲ ਮਗਰ
ਹਮਸਫ਼ਰ ਮਿਲਤੇ ਗਏ ਅਰ ਕਾਰਵਾਂ ਬਡਤਾ ਗਯਾ

ਸ. ਜਗਮੋਹਨ ਸਿੰਘ ਵੱਡੇ ਉਦਯੋਗਪਤੀ ਪੂੰਜੀ ਪਤੀ ਸਨ ਪਰ ਉਨ੍ਹਾਂ ਕੋਲ ਬੈਠਿਆਂ ਕਦੇ ਛੋਟੇਪਨ ਦਾ ਅਹਿਸਾਸ ਨਹੀਂ ਸੀ ਹੋਇਆ ਕਰਦਾ। ਉਹ ਇਕ ਗਰੀਬ ਦੀ ਕੁੱਲੀ ਵਿਚ ਬੈਠ ਕੇ ਚਾਹ ਦੀਆਂ ਚੁੱਸਕੀਆਂ ਤੇ ਪਕੌੜਿਆਂ ਦਾ ਅਨੰਦ ਵੀ ਉਵੇਂ ਹੀ ਲੈਂਦੇ ਸਨ ਜਿਵੇਂ ਪੰਜ ਸਿਤਾਰਾ ਹੋਟਲ ਵਿਚ ਸਿਰ ਕਰਦਾ ਸ਼ਖਸੀਅਤਾਂ ਨਾਲ ਬੈਠ ਡਿਨਰ ਕਰਦਿਆਂ।

ਅੱਜ ਉਨ੍ਹਾਂ ਦੇ ਪਿਆਰ, ਮੁਹੱਬਤ ਤੇ ਫਕੀਰਾਨਾ ਸੁਭਾਅ ਨੂੰ ਯਾਦ ਕਰਦਿਆਂ ਅੱਖਾਂ ਫਿਰ ਨਮ ਹੋ ਗਈਆਂ ਹਨ ਜਿਸ ਦੀ ਯਾਦ ਹਮੇਸ਼ਾ ਸਾਡੇ ਦਿਲ ਵਿਚ ਬਣੀ ਰਹੇਗੀ।

ਜਿਨ੍ਹਾਂ ਚਿਰ ਹਰਫ ਜਿਊਂਦੇ ਨੇ ਸੁਖਨਵਰ ਜਿਊਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ।

ਉਸਦੇ ਪਿਆਰ ਨੂੰ ਨਮਸਕਾਰ
ਉਸਦੇ ਬੋਲਾਂ ਨੂੰ ਨਮਸਕਾਰ
ਉਸਦੀ ਸ਼ਖਸੀਅਤ ਨੂੰ ਨਮਸਕਾਰ
ਨਾ ਹਾਥ ਥਾਮ ਸਕੇ ਨਾ ਪਕੜ ਸਕੇ ਦਾਮਨ
ਬੜਾ ਕਰੀਬ ਸੇ ਕੋਈ ਉਠ ਕਰ ਚਲਾ ਗਯਾ।

Sri Satguru Jagjit Singh Ji Elibrary NamdhariElibrary@gmail.com

ਸ. ਜਗਮੋਹਨ ਸਿੰਘ ਨਾਮਧਾਰੀ 'ਓਸਟਰ'

-ਅਜੀਤ ਸਿੰਘ ਸੈਕਟਰੀ

ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਸੰਤ ਸਰਦਾਰਾ ਸਿੰਘ ਜੀ ਦੇ ਜੇਠੇ ਪੁੱਤਰ ਅਤੇ ਸੂਬਾ ਹਰਭਜਨ ਸਿੰਘ ਤੇ ਸ. ਗੁਰਬਖਸ਼ੀਸ਼ ਸਿੰਘ ਜੀ ਦੇ ਵੱਡੇ ਭਰਾ ਸ. ਜਗਮੋਹਨ ਸਿੰਘ ਜੀ 26 ਮਈ, 2019 ਦਿਨ ਐਤਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਸੰਪੂਰਨ ਕਰਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਿਆਰੇ ਨਿਆਰੇ ਸੱਚੇ ਸੁੱਚੇ ਸੇਵਕ, ਰਾਗ-ਨਾਦ, ਸਾਹਿਤ ਤੇ ਕਲਾ ਪ੍ਰੇਮੀ ਅਤੇ ਇੱਕ ਸਫਲ ਸਨਅਤਕਾਰ ਸਨ, ਸ. ਜਗਮੋਹਨ ਸਿੰਘ ਜੀ ਨਾਮਧਾਰੀ (ਓਸਟਰ)।

ਪਰਿਵਾਰਿਕ ਜਾਣਕਾਰੀ : ਆਪ ਦੇ ਪੂਰਵਜ਼ ਜ਼ਿਲ੍ਹਾ ਸਰਗੋਧਾ, ਤਹਿਸੀਲ ਫਰੂਕਾ, ਪਿੰਡ ਚਿਚੋਕੇ (ਹੁਣ ਪਾਕਿਸਤਾਨ) ਦੇ ਵਸਨੀਕ ਸਨ। ਹਿੰਦੂ ਪਰਿਵਾਰ ਸੀ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਵੰਸਜ਼ ਮਾਨਯੋਗ ਬਾਬਾ ਬੇਦੀ ਜੀ (ਊਨਾ ਵਾਲੇ) ਦੀ ਸੰਗਤ ਕਾਰਨ ਪਰਿਵਾਰ ਸਿੱਖ ਸਜ ਗਿਆ। ਆਪ ਦੇ ਦਾਦਾ ਜਵੰਦ ਰਾਮ ਤੋਂ ਸ. ਜਵੰਦ ਸਿੰਘ ਜੀ ਅਤੇ ਉਹਨਾਂ ਦੇ ਭਰਾ ਭਗਵਾਨ ਦਾਸ ਤੋਂ ਸ. ਭਗਵਾਨ ਸਿੰਘ ਜੀ ਬਣ ਗਏ। ਦੇਸ਼ ਦੇ ਵੰਡਾਰੇ ਉਪਰੰਤ ਪਰਵਾਰ ਨੂੰ ਕਲੇਮ ਵਿੱਚ ਜਗਰਾਉ ਵਿਖੇ ਜਗਾ ਅਲਾਟ ਹੋਈ। ਏਥੇ ਹੀ ਸ. ਜਗਮੋਹਨ ਸਿੰਘ ਦਾ ਜਨਮ 15 ਸਤੰਬਰ, 1948 ਈ. ਨੂੰ ਹੋਇਆ। ਕਾਰੋਬਾਰ ਦੇ ਸਿਲਸਿਲੇ ਵਿੱਚ ਪ੍ਰਵਾਰ ਨੇੜਲੇ ਪਿੰਡ ਛੱਜਾਵਾਲ ਵੱਸ ਗਿਆ। "ਪੁਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ" ਦੇ ਵਾਕ ਅਨੁਸਾਰ,

ਇਹਨਾਂ ਦੇ ਪਿਤਾ ਸ. ਸਰਦਾਰਾ ਸਿੰਘ ਛੱਜਾਵਾਲ ਦੇ ਜਥੇਦਾਰ ਕਰਤਾਰ ਸਿੰਘ ਜੀ ਦੇ ਸੰਪਰਕ ਵਿੱਚ ਆ ਗਏ। ਸੰਨ 1952 ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਿੰਡ ਵਿੱਚ ਦਰਸ਼ਨ ਦਿੱਤੇ । ਪੰਡਤ ਗੋਪਾਲ ਸਿੰਘ ਜੀ ਨੇ ਦੀਵਾਨ ਲਾਇਆ। ਕਈ ਪਰਿਵਾਰਾਂ ਨੇ ਭਜਨ ਪੁੱਛਿਆ ਸਰਦਾਰਾ ਸਿੰਘ ਵੀ ਭਜਨ ਪੁੱਛ ਕੇ ਨਾਮਧਾਰੀ ਸੱਜ ਗਏ।

ਤੂੰ ਇਕੱਲਾ ਨਹੀਂ ਇਹ ਸਾਰਾ ਤੇਰਾ ਪਰਵਾਰ ਹੈ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ 1965 ਈ: ਵਿੱਚ ਪਹਿਲਾ ਵਿਦਿਅਕ ਸੰਮੇਲਨ ਸ੍ਰੀ ਭੈਣੀ ਸਾਹਿਬ ਕੀਤਾ। ਜਿਸ ਵਿੱਚ ਸਾਰੇ ਪਾਸਿਓਂ ਪੜੇ ਲਿਖੇ ਨੌਜਵਾਨ ਪਹੁੰਚੇ। ਇਕੱਲਾ ਇਕੱਲਾ ਨੌਜਵਾਨ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਆਪਣੀ ਨਿੱਜੀ ਜਾਣਕਾਰੀ ਦਿੰਦਾ। ਜਗਮੋਹਨ ਸਿੰਘ ਜੀ ਦੀ ਵਾਰੀ ਆਈ। ਅਰਜ ਕੀਤੀ, ਜੀ ਮੈਂ ਇਕੱਲਾ ਆਇਆ ਹਾਂ। ਸਾਡੇ ਪਿਤਾ ਜੀ ਨਾਮਧਾਰੀ ਹਨ, ਬਾਕੀ ਰਿਸ਼ਤੇਦਾਰ ਗੈਰ ਨਾਮਧਾਰੀ ਹਨ। ਸ੍ਰੀ ਸਤਿਗੁਰੂ ਜੀ ਨੇ ਹਾਲ ਵਿੱਚ ਬੈਠੇ ਸਾਰੇ ਨੌਜਵਾਨਾਂ ਵੱਲ ਇਸ਼ਾਰਾ ਕਰਕੇ ਬਚਨ ਕੀਤਾ, "ਤੂੰ ਇਕੱਲਾ ਨਹੀਂ, ਏਹ ਸਾਰੇ ਤੇਰੇ ਰਿਸ਼ਤੇਦਾਰ ਹਨ।" ਠੀਕ ਇਸੇ ਤਰ੍ਹਾਂ ਵਾਪਰਿਆ ॥ ਗ੍ਰੀਬ ਨਿਵਾਜ ਨੇ ਕਿਰਪਾ ਕੀਤੀ ਸਾਰੇ ਭਰਾਵਾਂ ਅਤੇ ਅੱਗੋ ਬੱਚਿਆਂ ਦੇ ਵਿਆਹ ਉਹਨਾਂ ਸਾਰੇ ਨਾਮਧਾਰੀ ਪਰਿਵਾਰਾਂ ਵਿੱਚ ਕੀਤੇ। ਗੁਰੂ ਬਚਨ ਸੱਤ ਹੋ ਨਿਬੜਿਆ। ਸ੍ਰੀ ਸਤਿਗੁਰੂ ਜੀ ਨੇ ਸੰਨ 1994 ਦੀ ਵੈਸਾਖੀ ਦੇ ਦਿਨ ਇਨ੍ਹਾਂ ਦੇ ਛੋਟੇ ਭਰਾ ਹਰਭਜਨ ਸਿੰਘ ਜੀ ਨੂੰ ਸੂਬੇ ਦੀ ਪਦਵੀ ਨਾਲ ਨਿਵਾਜਿਆ, ਸਾਰਾ ਨਾਮਧਾਰੀ ਜਗਤ ਆਪਣਾ ਹੋ ਗਿਆ।

ਛੱਜਾਵਾਲ ਤੋਂ ਲੁਧਿਆਣੇ : ਦਸਵੀਂ ਪਾਸ ਕਰਨ ਉਪਰੰਤ ਇਕ ਸਾਲ ਸਰਕਾਰੀ ਨੌਕਰੀ ਲਈ ਜਤਨ ਕੀਤੇ ਕਾਮਰੇਡਾਂ ਦੇ ਪ੍ਰਭਾਵ ਵੀ ਗ੍ਰਹਿਣ ਕੀਤੇ। ਫੇਰ ਆਪਣੇ ਨੇੜਿਆਂ ਵਿੱਚੋਂ ਸ. ਗੁਰਦਿਆਲ ਸਿੰਘ ਜੀ (ਮਾਸਟਰ) ਦੇ ਕਹਿਣ ਉਤੇ 1966 ਵਿੱਚ ਲੁਧਿਆਣੇ ਆ ਗਏ। ਹੌਜ਼ਰੀ ਦਾ ਕੰਮ ਸਿੱਖਣ ਲੱਗੇ। ਇਹਨਾਂ ਦੇ ਪਿਤਾ ਜੀ ਨੇ 1958 ਵਿੱਚ ਹੀ ਇੱਕ ਛੋਟਾ ਜੇਹਾ ਘਰ ਅਜਾਦ ਨਗਰ ਲੁਧਿਆਣੇ ਲੈ ਰੱਖਿਆ ਸੀ। ਉਥੇ ਰਹਿਣ ਲੱਗੇ। ਸੰਨ 1970 ਵਿੱਚ ਸਾਰਾ ਪਰਿਵਾਰ ਲੁਧਿਆਣੇ ਆ ਗਿਆ।

6 ਜੂਨ 1974 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਗਮੋਹਨ ਸਿੰਘ ਜੀ ਦਾ ਅਨੰਦ ਕਾਰਜ ਭੁਪਾਲ ਨਿਵਾਸੀ ਬੀਬੀ ਰਘਬੀਰ ਕੌਰ ਨਾਲ ਕਰ ਦਿੱਤਾ। ਆਪਦੇ ਘਰ ਇੱਕ ਲੜਕੇ ਅਤੇ ਦੋ ਲੜਕੀਆਂ ਦਾ ਜਨਮ ਹੋਇਆ।

ਕਾਰੋਬਾਰ : ਲੁਧਿਆਣੇ ਆਉਣ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨੇੜਤਾ ਦਾ ਅਨੰਦ ਮਿਲਣ ਲੱਗਾ। ਬਖਸ਼ਿਸ਼ਾਂ ਹੋਣ ਲੱਗੀਆਂ। ਸਾਰਾ ਪਰਵਾਰ ਸੇਵਾ, ਸਿਮਰਨ ਅਤੇ ਗੁਰੂ ਭਗਤੀ ਕਰਦਾ ਕਾਰ ਵਿਹਾਰ ਕਰਨ ਲੱਗਾ। ਇੱਕ ਦਿਨ ਏਹਨਾਂ ਦੀ ਮਾਤਾ ਜੀ ਦੇ ਮਨ ਵਿੱਚ ਆਇਆ ਕਿ ਸੁਣਿਆ ਸੀ ਕਿ ਨਾਮਧਾਰੀਆਂ ਦਾ ਗੁਰੂ ਗਰੀਬੀ ਕੱਟ ਦੇਂਦਾ ਹੈ। ਪਤਾ ਨਹੀਂ ਸਾਡੇ ਤੇ ਕਦੋਂ ਕ੍ਰਿਪਾ ਹੋਵੇਗੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਰਹਿਮਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸੰਨ 1975 ਵਿੱਚ ਤਿੰਨੇ ਭਰਾਵਾਂ ਨੇ ਮਿਲ ਕੇ ਆਪਣਾ ਕੰਮ ਸ਼ੁਰੂ ਕੀਤਾ। ਫਰਮ ਦਾ ਨਾਮ 'ਉਦੇ ਨਿਟਵੀਅਰਜ਼, ਰੱਖਿਆ।

ਸ. ਜਗਮੋਹਨ ਸਿੰਘ ਜੀ ਦੱਸਦੇ ਸਨ ਕਿ ਇਹ ਨਾਮ ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਨਾਮ ਤੇ ਰੱਖਿਆ ਹੈ। ਉਹ ਜਦੋਂ ਬਾਲਪਨ ਵਿੱਚ ਦਰਸ਼ਨ ਕਰਦੇ ਸਨ ਤਾਂ ਉਹਨਾਂ ਨੂੰ ਭਾਸਦਾ ਸੀ ਕਿ ਇਹ ਭਵਿੱਖ ਵਿੱਚ ਸਾਡੇ ਸਤਿਗੁਰੂ ਰਹਿਬਰ ਬਣ ਮਾਰਗ ਦਰਸ਼ਨ ਕਰਨਗੇ।

Sri Satguru Jagjit Singh Ji Elibrary NamdhariElibrary@gmail.com

ਸੇਵਾ, ਰੋਗੀਆਂ ਦਾ ਇਲਾਜ, ਲੋੜਵੰਦ ਬੱਚਿਆਂ ਲਈ ਸਿੱਖਿਆ ਪ੍ਰਬੰਧ ਕਰਦੇ ਕੋਈ ਹਿਚਕਚਾਹਟ ਨਹੀਂ ਹੁੰਦੀ ਸੀ। ਚੁਪ ਚੁਪੀਤੇ, ਸਰੀਰਕ ਅਤੇ ਵਿਤੀ ਯੋਗਦਾਨ ਪਾਂਦੇ ਰਹਿੰਦੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਪਵਿੱਤਰ ਹੁਕਮ ਯਾਦ ਰੱਖਦੇ ਕਿ ਭੁੱਖੇ ਨੂੰ ਅੰਨ, ਨੰਗੇ ਨੂੰ ਕੱਪੜਾ,ਜੋੜਾ ਦਾਨ ਕਰਨਾ। ਉਹ ਰਾਗੀ, ਸੰਗੀਤਕਾਰ ਜਾਂ ਸਹਿਤਕਾਰ ਨਹੀਂ ਸੰਨ ਪਰ ਕਲਾ ਪ੍ਰੇਮੀ ਜਰੂਰ ਸਨ। ਬੱਚਿਆਂ ਨੂੰ ਘਰ ਬੁਲਾ ਲੈਣਾ, ਰਾਗ ਸੁਨਣਾ, ਉਤਸ਼ਾਹਿਤ ਕਰਨ ਲਈ ਸਾਜ ਵੀ ਲੈ ਦੇਣੇ।

ਅੰਤਮ ਸਮਾਂ : ਸਤਿਗੁਰੂ, ਸਿੱਖ ਨੂੰ ਦੁਖ ਹੁੰਦੇ ਹੋਏ ਵੀ ਦੁਖ ਮਹਿਸੂਸ ਨਹੀਂ ਹੋਣ ਦੇਂਦਾ। ਅਜੇਹੀ ਕ੍ਰਿਪਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ. ਜਗਮੋਹਨ ਸਿੰਘ ਤੇ ਕੀਤੀ। ਆਪ ਕੈਂਸਰ ਦੇ ਅਸਾਧ ਰੋਗ ਨਾਲ ਪੀੜਤ ਹੋ ਗਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹਸਪਤਾਲ ਦਰਸ਼ਨ ਦੇਂਦੇ, ਟੈਲੀਫੋਨ ਰਾਹੀਂ ਕ੍ਰਿਪਾ ਬਖਸ਼ਿਸ਼ ਕਰਦੇ ਰਹੇ। ਜਿਹੜਾ ਸਿੱਖ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਨਿਗਾਹੇ ਕਰਮ ਵਿੱਚ ਹੁੰਦਾ ਹੈ, ਉਸਨੂੰ ਭਲਾ ਪੀੜ ਕਿਵੇਂ ਹੋ ਸਕਦੀ ਹੈ। ਜਗਮੋਹਨ ਸਿੰਘ ਜੀ ਦਾ ਸਰੀਰ ਜਵਾਬ ਦੇ ਰਿਹਾ ਸੀ ਪਰ ਗੁਰੂ ਕਿਰਪਾ ਕਾਰਨ ਚੇਹਰੇ ਤੇ ਕੋਈ ਸ਼ਿਕਨ ਨਹੀਂ ਸੀ। ਮਹੀਨਾਂ ਪਹਿਲਾਂ ਕਹਿਣ ਲੱਗੇ ਹਰ ਰੋਜ ਸੋਚ ਕੇ ਸੌਂਦਾਂ ਹਾਂ ਸਵੇਰੇ ਨਹੀ ਉਠਣਾ, ਟੈਲੀਫੋਨ ਖੜਕ ਜਾਵੇ ਕਿ ਜਗਮੋਹਨ ਚੱਲ ਵੱਸਿਆ ਪਰ ਗ੍ਰੀਬ ਨਿਵਾਜ ਹਰ ਵਾਰ ਨਵਾਂ ਦਿਨ ਨਵਾਂ ਜੀਵਨ ਕ੍ਰਿਪਾ ਕਰ ਦੇਂਦੇ ਹਨ। ਸ੍ਰੀ ਸਤਿਗੁਰੂ ਜੀ ਨਾਲ ਵਿਦੇਸ਼ਾਂ ਵਿੱਚ ਵੀ ਘੁੰਮ ਆਇਆ ਹਾਂ। ਨਿੱਜੀ ਪਿਆਰ ਦਾ ਖੂਬ ਅਨੰਦ ਮਾਣਿਆ ਹੈ। ਸੰਸਾਰ ਭਰਮਨ ਕਰ ਲਿਆ ਹੈ। ਜਿੰਦਗੀ ਦੇ ਸਭੋ ਸੁੱਖ ਭੋਗੇ ਹਨ। ਬੱਚੇ ਵੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਨਾਲ ਜੁੜੇ ਹੋਏ ਹਨ। ਸਭ ਪੱਖੋ ਸੁਖੀ ਹਨ। ਹੁਣ ਜਾਣ ਦਾ ਗਮ ਨਹੀਂ, ਜੀਉਣ ਦੀ ਖੁਸ਼ੀ ਨਹੀਂ। ਇਕੋ ਅਰਦਾਸ ਹੈ ਅੰਤ ਤੱਕ ਨਿਭ ਜਾਵੇ। ਸਤਿਗੁਰੂ ਦੀ ਰਹਿਮਤ ਬਣੀ ਰਹੇ। ਸ. ਜਗਮੋਹਨ ਸਿੰਘ ਨੇ ਜਦੋਂ ਅਰਦਾਸ ਕਰਨੀ ਤਾਂ ਇਹ ਅਰਜ ਬੇਨਤੀ ਹਰ ਵਾਰ ਕਰਨੀ, ਏਸ ਜੀਵਨ ਵਿੱਚ ਆਪ ਦੇ ਚਰਨਾਂ ਦਾ ਆਸਰਾ ਮਿਲਿਆ, ਏਸ ਜੀਵਨ ਤੋ ਬਾਅਦ ਵੀ ਆਪਦੇ ਚਰਨਾਂ ਦੀ ਪ੍ਰਤੀਤ ਮਿਲੇ। ਏਸ ਤਰ੍ਹਾਂ ਗੁਰੂ ਹੁਕਮ ਅਨੁਸਾਰ ਜੀਵਨ ਬਸਰ ਕਰਦੇ, ਸਮਾਜਿਕ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦੇ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਪਰਸਦੇ ਸ. ਜਗਮੋਹਨ ਸਿੰਘ 26 ਮਈ, 2019 ਨੂੰ ਆਪਣੇ ਰਹਿਬਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਸ. ਜਗਮੋਹਨ ਸਿੰਘ 'ਓਸਟਰ' ਨਮਿੱਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ

ਸ. ਜਗਮੋਹਨ ਸਿੰਘ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਥਾਹ ਬਖਸ਼ਿਸ਼ਾਂ ਦੇ ਪਾਤਰ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹਰਮਨ ਪਿਆਰੇ ਸੂਝਵਾਨ ਗੁਰਸਿੱਖ ਸਨ। ਉਦੇ ਨਿਟਵੀਅਰਜ, ਓਸਟਰ ਨਿਟਵੀਅਰ ਗਰੁੱਪ ਦੇ ਮਾਲਿਕ ਸਨ।ਉਹ ਕਈ ਹਸਪਤਾਲਾਂ, ਵਿੱਦਿਅਕ ਸੰਸਥਾਵਾਂ ਅਤੇ ਸਮਾਜਿਕ ਅਦਾਰਿਆਂ ਦੇ ਨਾਲ ਜੁੜੇ ਹੋਏ ਸਨ। ਉਨ੍ਹਾਂ ਨਮਿੱਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿਚ 2 ਜੂਨ 2019 ਦਿਨ ਐਤਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇਕ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਸ੍ਰੀ ਭੈਣੀ ਸਾਹਿਬ ਨਤਮਸਤਕ ਹੋਈ। ਸੰਤ ਹਰਬੰਸ ਸਿੰਘ ਘੁੱਲਾ ਜੀ ਨੇ ਵੈਰਾਗ ਮਈ ਕੀਰਤਨ ਕੀਤਾ। ਸ੍ਰੀ ਸੁਰਜੀਤ ਪਾਤਰ ਜੀ, ਸੰਤ ਸੁਰਿੰਦਰ ਸਿੰਘ ਲਾਇਲ, ਸੰਤ ਅਜੀਤ ਸਿੰਘ ਨਾਮਧਾਰੀ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਦੂਰੋਂ ਨੇੜਿਓਂ ਆਈ ਸਾਧ ਸੰਗਤ ਦਾ ਸੂਬਾ ਹਰਭਜਨ ਸਿੰਘ ਜੀ ਨੇ ਸਮੁੱਚੇ ਪਰਿਵਾਰ ਵਲੋਂ ਧੰਨਵਾਦ ਕੀਤਾ। ਸ੍ਰੀ ਸਤਿਗੁਰੂ ਜੀ ਨੇ ਉਪਦੇਸ ਦੇਂਦਿਆਂ ਫੁਰਮਾਇਆ ਕਿ ਸ. ਜਗਮੋਹਨ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸ਼ਰਧਾਲੂ ਗੁਰਸਿੱਖ ਸਨ।

ਸਵਿੰਦਰ ਸਿੰਘ ਨਾਮਧਾਰੀ

ਨੌਜੁਆਨ ਨਵਨੀਤ ਸਿੰਘ ਅਤੇ ਸੰਤ ਅਮਰ ਸਿੰਘ ਨਮਿੱਤ ਪਾਠ ਦਾ ਭੋਗ

ਨੌਜੁਆਨ ਨਵਨੀਤ ਸਿੰਘ ਸਪੁੱਤਰ ਸੰਤ ਬਖਸ਼ੀਸ਼ ਸਿੰਘ ਇਕ ਸੜਕ ਹਾਦਸੇ ਵਿਚ 28 ਮਈ 2019 ਦਿਨ ਮੰਗਲਵਾਰ ਨੂੰ ਦੁਖਦਾਈ ਘਟਨਾ ਵਾਪਰਨ ਕਰਕੇ ਇਸ ਆਸਾਰ ਮਾਤਲੋਕ ਤੋਂ ਚਲਾਣਾ ਕਰ ਗਏ। ਫਿਰ ਅਗਲੇ ਦਿਨ ਹੀ ਨਵਨੀਤ ਸਿੰਘ ਦੀ ਮੌਤ ਬਾਰੇ ਪਤਾ ਲੱਗਣ ਤੇ ਉਸਦੇ ਨਾਨਾ ਜੀ ਸੰਤ ਅਮਰ ਸਿੰਘ ਜੀ ਵੀ ਇਸ ਦੁਖਦਾਈ ਸਦਮੇ ਕਾਰਨ ਰੱਬ ਨੂੰ ਪਿਆਰੇ ਹੋ ਗਏ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ।

ਇਨ੍ਹਾਂ ਦੋਹਾਂ ਵਿਛੜੀਆਂ ਰੂਹਾਂ ਦਾ ਭੋਗ ਐਤਵਾਰ 2 ਮਈ 2019 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ।ਦੂਰੋਂ ਨੇੜਿਓ ਹਜਾਰਾਂ ਦੀ ਤਾਇਦਾਦ ਵਿਚ ਆਈ ਸਾਧ ਸੰਗਤ ਦਾ ਘਰ ਵਾਲਿਆਂ ਵਲੋਂ ਧੰਨਵਾਦ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਸਵਿੰਦਰ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

ਪਿੰਡ ਸਿਆੜ੍ਹ ਵਿਖੇ
ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਦਾ ਮੇਲਾ
1 ਜੂਨ ਦਿਨ ਸ਼ਨੀਵਾਰ

ਨਾਮਧਾਰੀ ਇਤਿਹਾਸ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਜਿਲਾ ਲੁਧਿਆਣਾ ਦਾ ਵੱਡੀ ਅਬਾਦੀ ਵਾਲਾ ਨਗਰ ਹੈ ਸਿਆੜ੍ਹ। ਇਸ ਨਗਰ ਨੂੰ ਇਹ ਮਾਨ ਹਾਸਲ ਹੈ ਕਿ ਜੁੱਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦੇ ਕੇ ਪੰਜ ਕਕਾਰਾਂ ਦੇ ਧਾਰਨੀ ਬਣਾ ਕੇ ਮਰਦ ਪ੍ਰਧਾਨ ਸਮਾਜ ਵਿੱਚ ਬਰਾਬਰਤਾ ਦਾ ਰੁਤਬਾ ਦਿੱਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਹੋਏ ਇਸ ਮਹਾਨ ਪਰਉਪਕਾਰ ਨੂੰ ਯਾਦ ਕਰਦਿਆਂ ਹੋਇਆਂ ਨਾਮਧਾਰੀ ਪੰਥ ਦੇ ਗੱਦੀਨਸੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ 1 ਜੂਨ ਦੇ ਇਤਿਹਾਸਿਕ ਦਿਨ ਤੇ ਪਿੰਡ ਸਿਆੜ੍ਹ ਦੀ ਸਾਧ ਸੰਗਤ ਦੀ ਅਰਜ ਪ੍ਰਵਾਨ ਕਰਦੇ ਹੋਏ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਆਈ ਸਾਧ ਸੰਗਤ ਦੇ ਲੰਗਰ ਦੇ ਪ੍ਰਬੰਧ ਲਈ ਲਾਗਰੀ ਸਿੰਘ ਇਕ ਦਿਨ ਪਹਿਲਾਂ ਹੀ ਪਹੁੰਚ ਚੁੱਕੇ ਸਨ। ਮੇਲੇ ਦੀ ਅਰੰਭਤਾ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ ਆਸਾ ਦੀ ਵਾਰ ਦਾ ਕੀਰਤਨ ਸਥਾਨਕ ਜਥੇ ਨੇ ਉਜਾਗਰ ਸਿੰਘ ਦੀ ਅਗਵਾਈ ਵਿਚ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਕਵੀਸ਼ਰ ਗੁਰਸੇਵਕ ਸਿੰਘ ਦੇ ਜਥੇ ਨੇ ਕਵੀਸ਼ਰੀ ਪ੍ਰਸੰਗ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਉਪਰੰਤ ਨਾਮਧਾਰੀ ਪੰਥ ਦੀ ਪ੍ਰੰਪਰਾਗਤ ਸ਼੍ਰੇਣੀ ਦਾ ਦੀਵਾਨ ਜਥੇਦਾਰ ਕਮਾਲ ਸਿੰਘ ਦੇ ਜਥੇ ਨੇ ਲਾਇਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਵੱਲੋਂ ਕੀਤੇ ਪਰਉਪਕਾਰਾਂ ਦਾ ਵਰਨਣ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦੀਵਾਨ ਵਿਚ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਪਿੰਡ ਸਿਆੜ੍ਹ ਦੀ ਸਾਧ ਸੰਗਤ ਨੇ ਸ. ਕਮਲਜੀਤ ਸਿੰਘ ex ਸਰਪੰਚ, ਸ.ਜਗਤਾਰ ਸਿੰਘ, ਉਜਾਗਰ ਸਿੰਘ, ਪਾਲਾ ਸਿੰਘ, ਕਮਲ ਸਿੰਘ ਕਿਲੇਵਾਲਾ, ਸੈਕਟਰੀ ਹਰਭਜਨ ਸਿੰਘ ਨੇ ਸਤਿਗੁਰੂ ਜੀ ਦਾ ਨਗਰ ਵੱਲੋਂ ਸੁਆਗਤ ਕੀਤਾ। ਪਵਿੱਤਰ ਗੁਰਬਾਣੀ ਦੇ ਪਾਠ ਦੇ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਪਾਏ ਗਏ। ਸ੍ਰੀ ਸਤਿਗੁਰੂ ਜੀ ਨੇ ਸੰਤ ਮੀਹਾਂ ਸਿੰਘ ਸਿਆੜ੍ਹ ਦੇ ਸਪੁੱਤਰ ਸੰਤ ਸੇਵਾ ਸਿੰਘ ਜੀ ਅਤੇ ਪਿੰਡ ਦੇ ਗੁਰਦੁਆਰੇ ਦੇ ਮੁੱਖ ਗ੍ਰੰਥੀ ਗੁਰਚਰਨ ਸਿੰਘ ਜੀ ਦਾ ਸਨਮਾਨ ਕੀਤਾ ਗਿਆ। ਮੇਲੇ ਵਿਚ ਸ. ਗੁਰਮੁੱਖ ਸਿੰਘ, ਬੀਬੀ ਹੁਸਿਆਰ ਕੌਰਰਹਿਬਰ, ਹਰਮੇਸ ਸਿੰਘ, ਸੂਬਾ ਨਿਰੰਜਨ ਸਿੰਘ ਟਮਕੌਡੀ, ਗੁਰਸੇਵਕ ਸਿੰਘ ਮਲੇਰਕੋਟਲਾ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਨੇ ਦਰਸ਼ਨ ਦਿੱਤੇ। ਇਸ ਤਰ੍ਹਾਂ ਇਹ ਇਤਿਹਾਸਿਕ ਦਿਨ ਯਾਦਗਰੀ ਬਣ ਗਿਆ।

-ਸੂਬਾ ਬਲਵਿੰਦਰ ਸਿੰਘ 'ਝੱਲ'

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਿੰਡ ਝੱਲ ਪਧਾਰੇ

ਨਾਮਧਾਰੀ ਪੰਥ ਦੇ ਰਹਿਨੁਮਾ ਅਤੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਚੇਚੇ ਤੌਰ ਤੇ ਪਿੰਡ ਝੱਲ ਵਿਖੇ ਮਿਤੀ 1 ਜੂਨ 2019 ਦਿਨ ਸ਼ਨੀਵਾਰ ਮੁਤਾਬਿਕ 18 ਜੇਠ 2076 ਬਿਕ੍ਰਮੀ ਨੂੰ ਦਰਸ਼ਨ ਦਿੱਤੇ। ਜ਼ਿਕਰ ਯੋਗ ਹੈ ਕਿ ਨਾਮਧਾਰੀ ਪੰਥ ਦੀ ਸਤਿਕਾਰ ਯੋਗ ਹਸਤੀ ਅਤੇ ਵਿਦਵਾਨ ਪੰਡਿਤ ਹਰਭਜਨ ਸਿੰਘ ਖੰਡੂਵਾਲੀਏ ਪਿਛਲੇ ਕੁੱਝ ਦਿਨਾਂ ਤੋਂ ਸਰੀਰਕ ਤੌਰ ਤੇ ਠੀਕ ਨਹੀਂ ਹਨ। ਪੰਡਿਤ ਹਰਭਜਨ ਸਿੰਘ ਕੁੱਝ ਦਿਨ ਪਹਿਲਾਂ ਆਪਣੇ ਜਥੇ ਸਮੇਤ ਜੈਪੁਰ ਰਾਜਸਥਾਨ ਵਿਖੇ ਧਰਮ ਪ੍ਰਚਾਰ ਲਈ ਗਏ ਹੋਏ ਸਨ। ਇਥੇ ਹੀ ਇਹਨਾਂ ਦੀ ਸਿਹਤ ਕਾਫੀ ਢਿੱਲੀ ਹੋ ਗਈ ਸੀ। ਜਿਸ ਕਰਕੇ ਜੈਪੁਰ ਹਸਪਤਾਲ ਵਿਚ ਦਾਖਲ ਹੋਏ। ਸਿਹਤ ਵਿੱਚ ਕੁੱਝ ਸੁਧਾਰ ਹੋਣ ਕਰਕੇ ਡਾਕਟਰਾਂ ਦੀ ਸਲਾਹ ਮੁਤਾਬਿਕ ਪੰਡਿਤ ਹਰਭਜਨ ਸਿੰਘ ਜੀ ਆਪਣੇ ਪਿੰਡ ਝੱਲ ਵਿਖੇ ਹੀ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਚੇਚੇ ਤੌਰ ਤੇ ਪੰਡਿਤ ਹਰਭਜਨ ਸਿੰਘ ਜੀ ਦੀ ਸਿਹਤ ਦਾ ਹਾਲ-ਚਾਲ ਪੁੱਛਣ ਲਈ ਉਹਨਾਂ ਦੇ ਨਿਵਾਸ ਸਥਾਨ ਪਿੰਡ ਝੱਲ ਵਿਖੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਕੁੱਝ ਸਮਾਂ ਪੰਡਿਤ ਜੀ ਨਾਲ ਬਚਨ-ਬਿਲਾਸ ਕਰਕੇ ਉਹਨਾਂ ਦੀ ਸਿਹਤ ਜਲਦੀ ਠੀਕ ਹੋਣ ਦਾ ਆਸ਼ੀਰਵਾਦ ਦੇਣ ਬਾਅਦ ਸ੍ਰੀ ਸਤਿਗੁਰੂ ਜੀ ਨੇ ਇਥੋਂ ਵਾਪਸੀ ਲਈ ਚਾਲੇ ਪਾਏ। ਪੰਡਿਤ ਜੀ ਦੇ ਸਪੁੱਤਰ ਯਾਦਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਧੰਨਵਾਦ ਕੀਤਾ।

-ਸੂਬਾ ਬਲਵਿੰਦਰ ਸਿੰਘ ਝੱਲ

Sri Satguru Jagjit Singh Ji Elibrary NamdhariElibrary@gmail.com

ਦਮਦਮਾਂ ਵਿਖੇ- ਜਸਕਰਨ ਸਿੰਘ, ਗੁਰਮੁਖ ਸਿੰਘ ਅਤੇ ਬੱਚੀ ਗਗਨਪ੍ਰੀਤ ਦੇ ਭੋਗ ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

3 ਜੂਨ 2019 ਦਮਦਮਾ (ਸਿਰਸਾ)- ਸ੍ਰੀ ਸਤਿਗੁਰੂ ਉਦੇ ਸਿੰਘ ਜੀ, ਮਾਤਾ ਗੁਰਸ਼ਰਨ ਕੌਰ ਜੀ, ਉੱਜਲ ਕੌਰ ਜੀ ਅਤੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਆਸਾ ਦੀ ਵਾਰ ਦਾ ਭੋਗ ਪੈਂਦਿਆ ਹੀ ਇਲਾਕਾ ਸ੍ਰੀ ਜੀਵਨ ਨਗਰ ਵਾਸਤੇ ਰਵਾਨਾ ਹੋਏ। ਰਸਤੇ ਵਿਚ ਤਪਾ (ਬਰਨਾਲਾ) ਨੇੜੇ ਦੋ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ।

ਸੰਤ ਨਗਰ ਸ. ਸਵਰਣ ਸਿੰਘ ਢੋਟੀਆਂ ਵਾਲਿਆਂ ਦੇ ਗ੍ਰਿਹ ਵਿਖੇ ਲੰਗਰ ਛਕ ਕੇ, ਨਾਲ ਹੀ ਸ. ਗੁਰਬੇਜ ਸਿੰਘ ਦੇ ਘਰ ਚਰਨ ਪਾ ਕੇ ਮਸਤਾਨ ਗੜ ਕਿਰਪਾ ਕੀਤੀ। ਏਥੋਂ ਜੀਵਨ ਨਗਰ ਅੱਡੇ ਤੋਂ ਪਹਾੜ ਵਾਲੇ ਪਾਸੇ ਹਦਵਾਣਿਆਂ (ਤਰਬੂਜਾਂ) ਦਾ ਫਾਰਮ ਵੇਖ ਦਮਦਮੇਂ ਸ. ਗੁਰਚਰਨ ਸਿੰਘ ਬਾਜੇਵਲਿਆਂ ਦੇ ਗ੍ਰਿਹ ਵਿਖੇ ਕਿਰਪਾ ਕੀਤੀ। ਪਿਛਲੇ ਦਿਨੀ 27 ਮਈ ਸੋਮਵਾਰ ਨੂੰ ਸ. ਗੁਰਚਰਨ ਸਿੰਘ ਦੇ ਪ੍ਰਵਾਰ ਨਾਲ ਦਿੱਲੀਓਂ ਆਉਂਦਿਆਂ ਹਾਂਸੀ ਨੇੜੇ ਬੜਾ ਭਿਆਨਕ ਹਾਦਸਾ ਵਾਪਰਿਆ, ਆਪਦੇ ਦੋ ਪੁਤ੍ਰ ਗੁਰਚਰਨ ਸਿੰਘ, ਗੁਰਮੁਖ ਸਿੰਘ ਅਤੇ ਪੋਤਰੀ ਗਗਨਪ੍ਰੀਤ ਦੀ ਐਕਸੀਡੈਂਟ ਕਾਰਣ ਮੌਤ ਹੋ ਗਈ ਸੀ। ਕੁਝ ਜੀਆਂ ਨੂੰ ਸੱਟਾਂ ਲੱਗੀਆਂ। 30 ਮਈ ਨੂੰ ਸਸਕਾਰ ਸਮੇਂ ਵੀ ਸ੍ਰੀ ਸਤਿਗੁਰੂ ਜੀ ਨੇ ਉਚੇਚੇ ਦਰਸ਼ਨ ਦੇ ਕੇ ਪ੍ਰਵਾਰ ਨੂੰ ਧੀਰਜ ਬਖਸ਼ੀ। ਅੱਜ ਵੀ ਸ੍ਰੀ ਸਤਿਗੁਰੂ ਜੀ ਨੇ ਕਾਫੀ ਸਮਾਂ ਪ੍ਰਵਾਰ ਦੇ ਇਕੱਲੇ-ਇਕੱਲੇ ਜੀਅ ਨੂੰ, ਵੱਡਿਆਂ ਨੂੰ, ਬੱਚਿਆਂ ਨੂੰ ਹੌਂਸਲਾ ਦਿੱਤਾ। ਫੇਰ ਪੰਡਾਲ ਵਿਚ ਦਰਸ਼ਨ ਦਿੱਤੇ, ਜਥੇਦਾਰ ਕਮਾਲ ਸਿੰਘ ਦਾ ਦੀਵਾਨ ਲੱਗਾ ਹੋਇਆ ਸੀ। ਜਥੇਦਾਰ ਜੀ ਨੇ ਗੁਰਬਾਣੀ ਦੇ ਪ੍ਰਮਾਣਾ ਅਤੇ ਭਾਣਾ ਮੰਨਣ ਵਾਲੇ ਸਿੱਖਾਂ ਦੇ ਪ੍ਰਸੰਗ ਸੁਣਾ ਕੇ ਧੀਰਜ ਰੱਖਣ ਲਈ ਪ੍ਰੇਰਿਆ। ਸਾਰੇ ਇਲਾਕੇ ਵਿਚੋਂ ਅਤੇ ਦੂਰ ਦੁਰਾਡੇ ਤੋਂ ਸੰਗਤ ਦਾ ਭਰਪੂਰ ਇਕੱਠ ਸੀ। ਦੀਵਾਨ ਉਪਰੰਤ ਸ. ਬੂਟਾ ਸਿੰਘ ਨੇ ਮੰਚ ਸੰਭਾਲਿਆ। ਸਭ ਤੋਂ ਪਹਿਲਾਂ ਸ੍ਰੀ ਕੇ.ਵੀ. ਸਿੰਘ (ਪੂਰਵ ਮੁੱਖ ਮੰਤਰੀ ਹਰਿਆਣਾ ਦੇ ਓ.ਐਸ.ਡੀ) ਨੂੰ ਪੇਸ਼ ਕੀਤਾ। ਆਪ ਨੇ ਪ੍ਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਪ੍ਰਵਾਰ ਨੂੰ ਇਹ ਕਰੜਾ ਭਾਣਾ ਮੰਨਣ ਦੀ ਸ਼ਕਤੀ ਬਖਸ਼ਣ। ਸ. ਗੁਰਚਰਨ ਸਿੰਘ ਕਿਲੇ ਵਾਲੇ ਨੇ ਕਿਹਾ, ਸੰਤ ਸਿੰਘ ਜੀ ਅਤੇ ਨਿਧਾਨ ਸਿੰਘ ਜੀ ਦੇ ਇਸ ਪ੍ਰਵਾਰ ਨੇ ਇਲਾਕੇ ਵਿਚ ਹੋਲੇ ਮੇਲੇ ਕਰਵਾਏ, ਇਹ ਦਾਨੇ ਅਤੇ ਦਾਨੀ ਸੱਜਣਾਂ ਦਾ ਪ੍ਰਵਾਰ ਹੈ ਪਰ ਇਨ੍ਹਾਂ ਤੇ ਬੜਾ ਕਰੜਾ ਭਾਣਾ ਵਰਤਿਆ ਹੈ ਅਸੀਂ ਤੇ ਇਹੋ ਅਰਦਾਸ ਕਰਦੇ ਹਾਂ ਕਿ ਸਾਡੇ ਇਲਾਕੇ ਵਿਚ ਫੇਰ ਨਾ ਏਹੋ ਜਿਹਾ ਹਾਦਸਾ ਵਾਪਰੇ। ਸ. ਸੁਵਰਨ ਸਿੰਘ ਜੀ ਵਿਰਕ ਨੇ ਦੱਸਿਆ ਕਿ ਇਹ ਟਕਸਾਲੀ ਨਾਮਧਾਰੀ ਪ੍ਰਵਾਰ ਹੈ। ਇਨ੍ਹਾਂ ਦੇ ਵਡੇਰੇ ਭਾਈ ਕਾਨ੍ਹ ਸਿੰਘ ਬਾਜੇਕਿਆਂ ਵਾਲੇ ਸਤਿਗੁਰੂ ਰਾਮ ਸਿੰਘ ਜੀ ਵੇਲੇ ਸਿੱਖ ਸਜੇ। ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਇਸ ਪ੍ਰਵਾਰ ਦੇ ਮੁਖੀ ਸ. ਗੁਰਦਿਆਲ ਸਿੰਘ ਜੀ ਫਿਰਕੂ ਸਦ ਭਾਵਨਾ ਕਾਇਮ ਰੱਖਣ ਲਈ ਮੁਸਲਿਮ ਕਾਫਲਿਆਂ ਦੀ ਮਦਦ ਕਰਦੇ ਸ਼ਹੀਦ ਹੋ ਗਏ। ਸੰਤ ਨਿਧਾਨ ਸਿੰਘ ਜੀ, ਸੰਤ ਸਿੰਘ ਜੀ ਨੇ ਵੱਡੇ ਯੱਗ ਕਰਵਾਏ। ਰਜ਼ਾ ਮਾਲਕ ਦੀ ਇਹ ਹਾਦਸਾ ਪ੍ਰਵਾਰ ਲਈ ਬਹੁਤ ਵੱਡਾ ਸਦਮਾ ਹੈ। ਸਾਰੇ ਇਲਾਕੇ ਨੇ ਹੀ ਇਸ ਸਦਮੇਂ ਨੂੰ ਆਪਣਾ ਦੁਖ ਸਮਝਿਆ, ਦੁੱਖ ਵੰਡਾਇਆ ਅਤੇ ਹਰ ਕਿਰਿਆ ਕਰਮ ਸਮੇਂ ਸਭ ਨੇ ਸਹਿਯੋਗ ਦਿੱਤਾ। ਸ. ਬੂਟਾ ਸਿੰਘ ਜੀ ਨੇ ਇਲਾਕੇ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਵਿਦਿਅਕ ਅਦਾਰਿਆਂ ਵਲੋਂ ਆਏ ਸ਼ੋਕ ਮਤਿਆਂ ਦੀ ਸੂਚੀ ਪੜੀ। ਸ਼ੋਕ ਮਤਿਆਂ ਦੀ ਏਨੀ ਲੰਮੀਂ ਸੂਚੀ ਗਵਾਹੀ ਭਰਦੀ ਹੈ ਕਿ ਇਹ ਪ੍ਰਵਾਰ ਇਲਾਕੇ ਵਿੱਚ ਕੇਡਾ ਸਤਿਕਾਰਤ ਪ੍ਰਵਾਰ ਹੈ। ਉਪਰੰਤ ਸ. ਸੁਵਰਣ ਸਿੰਘ ਬੜੇ ਭਰੇ ਦਿਲ ਨਾਲ ਮੰਚ ਤੇ ਹਾਜਰ ਹੋਏ ਕਿਉਂਕਿ ਆਪਦੇ ਦੋ ਭਰਾ ਅਤੇ ਇਕ ਭਤੀਜੀ ਹਾਦਸੇ ਵਿਚ ਪੂਰੇ ਹੋਏ ਸਨ। ਆਪਨੇ ਕਿਹਾ ਕਿ ਭਾਣਾ ਬਹੁਤ ਕਰੜਾ ਹੈ, ਦਿਲ ਬਿਲਕੁਲ ਧੀਰਜ ਨਹੀਂ ਸੀ ਧਰਦਾ ਪਰ ਜਿਸ ਦਿਨ ਸਸਕਾਰ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ, ਆਪ ਜੀ ਦੇ ਬਚਨਾ ਨਾਲ ਦਿਲ ਟਿਕਿਆ ਹੈ। ਆਪ ਨੇ ਬੜੀ ਅਧੀਨਗੀ ਨਾਲ ਕਿਹਾ- ਸਾਧ ਸੰਗਤ ਜੀ, ਕਦੇ ਜਾਣ ਬੁੱਝ ਕੇ ਕਿਸੇ ਦਾ ਬੁਰਾ ਨਹੀਂ ਕੀਤਾ, ਪਰ ਜਾਣੇ ਅਣਜਾਣੇ ਵਿਚ ਕਿਸੇ ਦਾ ਬੁਰਾ ਹੋ ਗਿਆ ਹੋਵੇ ਤਾਂ ਮੈਂ ਸਤਿਗੁਰੂ ਜੀ ਪਾਸੋਂ ਬਖਸ਼ਿਸ਼ ਮੰਗਦਾ ਹਾਂ। ਸੱਚੇ ਪਾਤਸ਼ਾਹ ਕਿਰਪਾ ਕਰਨ, ਅਜੇਹਾ ਦੁਖਦਾਈ ਭਾਣਾ ਕਿਸੇ ਨਾਲ ਵੀ ਨਾ ਵਾਪਰੇ।

ਅਖੀਰ ਵਿਚ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦੇਂਦਿਆਂ ਫੁਰਮਾਇਆ- ਸਤਿਕਾਰ ਯੋਗ ਸਾਧ ਸੰਗਤ ਜੀ ਇਕ ਵਾਰੀ ਬੜੇ ਪ੍ਰੇਮ ਨਾਲ ਆਖੀਏ, ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਵਰੋਸਾਏ ਇਸ ਪ੍ਰਵਾਰ ਚੋਂ ਜਸਕਰਨ ਸਿੰਘ, ਗੁਰਮੁਖ ਸਿੰਘ ਅਤੇ ਇਕ ਬੱਚੀ ਦੇ ਭੋਗ ਸਮਾਗਮ ਤੇ ਆਪਾਂ ਇਕੱਠੇ ਹੋਏ ਹਾਂ। ਜਥੇ. ਕਮਾਲ ਸਿੰਘ ਨੇ ਵੀ ਭਾਣਾ ਮੰਨਣ ਦੀਆਂ ਕਥਾ ਸੁਣਾਈਆਂ ਹਨ ਸਿੱਖਾਂ ਦੀਆਂ, ਗੁਰੂ ਸਾਹਿਬਾਨ ਦੀਆਂ, ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਮ੍ਹਣੇ ਉਨ੍ਹਾਂ ਦੇ ਸਾਹਿਬਜ਼ਾਦੇ ਸ਼ਹੀਦ ਹੋਏ। ਇਹ ਗਲਾਂ ਅਸੀਂ ਇਸ ਲਈ ਕਰਦੇ ਹਾਂ ਕਿ ਸਾਨੂੰ ਹੌਂਸਲਾ ਮਿਲੇ ਅਤੇ ਸਾਨੂੰ ਅਹਿਸਾਸ ਹੋਵੇ ਕਿ. ਸਿੱਖੀ ਕਿੱਡੀ ਉੱਚੀ ਚੀਜ ਹੈ। ਭਾਣਾ ਇਸ ਲਈ ਵੀ ਮੰਨਣਾ ਹੈ ਕਿ ਜਿਸਨੇ ਇਹ ਜੀਅ ਦਿੱਤੇ ਸਨ, ਲੈ ਕੇ ਵੀ ਉਹ ਹੀ ਗਿਆ ਹੈ। ਆਪਾਂ ਕਥਾ ਸੁਣਦੇ ਹਾਂ, ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਨੇ

Sri Satguru Jagjit Singh Ji Elibrary NamdhariElibrary@gmail.com

ਅਰਜ਼ ਕੀਤੀ ਕਿ 'ਆਪ ਕਿਸ ਤੇ ਰਾਜੀ ਹੋ'? ਸੱਚੇਪਾਤਸ਼ਾਹ ਬਚਨ ਕੀਤਾ 'ਜਿਹੜਾ ਰਜ਼ਾ ਵਿਚ ਰਾਜੀ ਰਹੇ।' ਰਜ਼ਾਂ 'ਚ ਰਾਜੀ ਵੀ ਉਹ ਹੀ ਰਹਿ ਸਕਦਾ ਹੈ ਜਿਸਤੇ ਸਤਿਗੁਰੂ ਕਿਰਪਾ ਕਰੇ। ਆਪਾਂ ਏਨ੍ਹਾਂ ਸਿੱਖਾਂ ਵਾਸਤੇ, ਬੀਬੀਆਂ ਵਾਸਤੇ, ਗੁਰਚਰਨ ਸਿੰਘ ਵਾਸਤੇ ਅਰਦਾਸ ਜਰੂਰ ਕਰ ਸਕਦੇ ਹਾਂ, ਕਿ ਸੱਚੇ ਪਾਤਸ਼ਾਹ ਜੇ ਤੂੰ ਇਹ ਭਾਣਾ ਵਰਤਾਇਆ ਹੈ ਤਾਂ ਏਨ੍ਹਾਂ ਨੂੰ ਭਾਣਾ ਮੰਨਣ ਦੀ ਸ਼ਕਤੀ ਵੀ ਬਖਸ਼, ਤੇਰੀ ਦਿੱਤੀ ਸਿੱਖੀ ਵੀ ਪ੍ਰਵਾਰ ਵਿਚ ਰਹੇ। ਤੇਰੇ ਲੜ ਲੱਗੇ ਰਹਿਣ। ਇਕ ਹੋਰ ਮੈਂ ਬੜੀ ਜਰੂਰੀ ਗਲ ਕਰਨੀ ਹੈ, ਗੁਰਮੁਖ ਸਿੰਘ ਹੁਰਾਂ ਦਾ ਭਣੇਵਾਂ ਉਹ ਵੀ ਉਸ ਦਿਨ ਦਾ ਇਨ੍ਹਾਂ ਨਾਲ ਸ਼ਾਮਲ ਹੈ। ਉਸਨੇ ਬੜੇ ਪਿਆਰ ਨਾਲ ਕਿਹਾ ਸੀ ਕਿ ਇਹ ਗਲ ਜਰੂਰ ਆਖਿਓ ਕਿ ਅਸੀਂ ਛੋਟੀ ਜਹੀ ਗਲਤੀ ਕਰ ਜਾਂਦੇ ਹਾਂ ਜਿਸ ਕਰਕੇ ਵੱਡੇ ਨੁਕਸਾਨ ਹੋ ਜਾਂਦਾ ਹੈ। ਜੇ ਇਨ੍ਹਾਂ ਦੇ ਬੈਲਟਾਂ ਲਾਈਆਂ ਹੁੰਦੀਆਂ ਤਾਂ ਸ਼ਾਇਦ ਜਾਨਾਂ ਬਚ ਜਾਂਦੀਆਂ। ਵਿਦੇਸ਼ਾਂ ਵਿਚ ਜਾਂਦੇ ਹਾਂ ਤਾਂ ਸਾਡੇ ਨੌਜੁਆਨ ਉਥੇ ਬੈਲਟਾਂ ਲਾਉਂਦੇ ਹਨ। ਟ੍ਰੈਫਿਕ ਨਿਯਮਾਂ ਦੀ ਪਾਲਨਾ ਕਰਦੇ ਹਨ ਪਰ ਏਥੇ ਅਸੀਂ ਇਸਨੂੰ ਵਾਧੂ ਜਹੀ ਗਲ ਸਮਝ ਲੈਂਦੇ ਹਾਂ। ਦੁਨੀਆਂ ਦਾਰੀ ਵਿਚ ਉਸਦੀ ਇਹ ਗੱਲ ਬਹੁਤ ਵਧੀਆ ਹੈ। ਇਹ ਮੈਂ ਆਪਣੇ ਵਲੋਂ ਅਰਜ ਕਰਾਂ ਬਹੁਤ ਜਰੂਰੀ ਕਿ ਜਦੋਂ ਵੀ ਕਿਤੇ ਤੁਰਦੇ ਹੋ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਹੁਕਮ ਹੈ ਕਿ ਕਦੀ ਵੀ ਅਰਦਾਸ ਕਰਨ ਤੋਂ ਬਿਨਾਂ ਨਾ ਤੁਰਿਆ ਕਰੋ। ਅਰਦਾਸ ਦਿਲੋਂ ਕਰਿਆ ਕਰੋ, ਜਦੋਂ ਅਰਦਾਸ ਦਿਲੋਂ ਹੁੰਦੀ ਹੈ ਤਾਂ ਉਹ ਮੰਨਜ਼ੂਰ ਵੀ ਹੁੰਦੀ ਹੈ ਕਿ ਸੱਚੇ ਪਾਤਸ਼ਾਹ ਤੂੰ ਮੇਰਾ ਰਾਖਾ ਹੈਂ, ਤੂੰ ਮੇਰੇ ਅੰਗ-ਸੰਗ ਰਹਿਣਾ ਹੈ, ਮੈਂ ਤੇਰਾ ਹਾਂ, ਮੇਰਾ ਤੇਰੇ ਤੋਂ ਬਿਨਾ ਕੋਈ ਥਾਂ ਨਹੀਂ, ਨਾ ਮੇਰਾ ਕੋਈ ਤਾਣ ਹੈ, ਨਾ ਮੇਰਾ ਕੋਈ ਮਾਣ ਹੈ। ਜਦੋਂ ਅਸੀਂ ਨਿਮਾਣੇ ਹੋ ਕੇ ਚਰਨਾਂ ਵਿਚ ਅਰਦਾਸ ਕਦੇ ਹਾਂ ਤਾਂ ਉਹ ਬਹੁਤ ਛੇਤੀ ਮੰਨੀ ਜਾਂਦੀ ਹੈ। ਅਖੀਰ ਤੇ ਮੈਂ ਏਹੋ ਹੀ ਅਰਦਾਸ ਕਰਦਾ ਹਾਂ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਅੱਗੋਂ ਵਾਸਤੇ ਪ੍ਰਵਾਰ ਵਿਚ ਮੁੱਖ ਬਖਸ਼ਣ। ਏਨੀਆਂ ਅਰਜ਼ਾਂ ਕਰਦਾ ਹੋਇਆ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ॥ ਉਪਰੰਤ ਨੌਵੇਂ ਮਹੱਲੇ ਦੇ ਸਲੋਕਾਂ ਦਾ ਪਾਠ ਕਰਕੇ ਅੰਤਮ ਅਰਦਾਸ ਸੂਬਾ ਬਲਵਿੰਦਰ ਸਿੰਘ ਜੀ ਨੇ ਕੀਤੀ।

ਸਤਪਾਲ ਸਿੰਘ (ਵਡਾਣੀਆਂ) ਦੇ ਭੋਗ ਤੇ ਦਰਸ਼ਨ

3 ਜੂਨ 2019 ਖੇੜ ਵਡਾਣੀਆਂ ਸ੍ਰੀ ਸਤਿਗੁਰੂ ਜੀ ਦਮਦਮੇ ਭੋਗ ਤੋਂ ਬਾਅਦ ਨਾਲੀ (ਘੱਗਰ ਦਰਿਆ) ਕੰਢੇ ਵਡਾਣੀਆਂ ਦੇ ਖੇੜ ਤੇ ਸ. ਦਇਆ ਸਿੰਘ ਦੇ ਲੜਕੇ ਸਤਪਾਲ ਸਿੰਘ ਦੇ ਭੋਗ ਤੇ ਕਿਰਪਾ ਕੀਤੀ। ਅੱਜ ਗਰਮੀ ਵੀ ਬਹੁਤ ਸੀ ਅਤੇ ਸੰਗਤ ਦਾ ਇਕੱਠ ਵੀ ਬਹੁਤ ਸੀ। ਭੋਗਾਂ ਦੇ ਸਲੋਕ ਪੜ੍ਹਨ ਤੋਂ ਪਹਿਲਾਂ ਸ. ਸੁਵਰਨ ਸਿੰਘ ਵਿਰਕ ਸੰਗਤ ਨੂੰ ਸੰਬੋਧਨ ਹੋਏ। ਆਪ ਨੇ ਕਿਹਾ ਕਿ ਇਕ ਟਕਸਾਲੀ ਨਾਮਧਾਰੀ ਪ੍ਰਵਾਰ ਹੈ। ਭਾਈ ਚਤਰ ਸਿੰਘ ਅਤੇ ਉਨ੍ਹਾਂ ਦੇ ਭਰਾਵਾਂ ਦੀ ਅੰਸ ਬੰਸ ਇਹ ਵੱਡਾ ਪ੍ਰਵਾਰ ਹੈ। ਸ. ਹਰੀ ਸਿੰਘ ਜੀ ਵਡਾਣੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ ਦੇ ਪਤਰ ਸਨ। ਜਿਸ ਤਰ੍ਹਾਂ ਇਸ ਪ੍ਰਵਾਰ ਦੇ ਇਸ ਨੌਜੁਆਨ ਦੀ ਮੌਤ ਹੋਈ ਹੈ। ਇਸ ਵਿਚ ਇਲਾਕਾ ਨਿਵਾਸੀ ਅਸੀਂ ਸਾਰੇ ਹੀ ਦੋਸ਼ੀ ਹਾਂ। ਅੱਜ ਪੰਜਾਬ ਅਤੇ ਹਰਿਆਣੇ ਦੇ ਪੰਜਾਬੀਆਂ ਦੀ ਇਹ ਵੱਡੀ ਸਮੱਸਿਆ ਬਣ ਚੁੱਕੀ ਹੈ। ਨੌਜੁਆਨ ਪੀੜੀ ਨਸ਼ਿਆਂ ਦੇ ਵਹਿਣ ਵਿਚ ਵਹਿ ਗਈ ਹੈ। ਸਾਨੂੰ ਆਪਣੀ ਨੌਜੁਆਨ ਪੀੜੀ ਨੂੰ ਬਚਾਉਣ ਲਈ ਉਚੇਚੇ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਅਜੇਹੇ ਹਾਦਸੇ ਫੇਰ ਨਾ ਵਾਪਰਨ। ਉਪਰੰਤ ਵਿਰਕ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਉਪਦੇਸ਼ ਦੇਣ ਲਈ ਬੇਨਤੀ ਕੀਤੀ। ਗੁਰ ਉਪਦੇਸ਼ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਸ. ਦਇਆ ਸਿੰਘ ਜੀ ਦੇ ਦੁੱਖ ਵਿਚ ਸ਼ਾਮਲ ਹੋਣ ਲਈ ਅਸੀਂ ਇਕੱਠੇ ਹੋਏ ਹਾਂ। ਸ. ਹਰੀ ਸਿੰਘ ਜੀ ਦਾ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬੜਾ ਪ੍ਰੇਮ ਸੀ। ਇਸ ਪ੍ਰਵਾਰ ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਬੜੀ ਕਿਰਪਾ ਰਹੀ ਹੈ। ਦਮਦਮੇਂ ਜਿਸ ਭੋਗ ਤੋਂ ਆਏ ਹਾਂ ਘਟਨਾ ਉਹ ਵੀ ਬੜੀ ਦੁਖਦਾਈ ਹੈ, ਘਟਨਾ ਇਹ ਵੀ ਦੁਖਦਾਈ ਹੈ। ਪਰ ਉਸ ਘਟਨਾ ਵਿਚ ਸਾਡੇ ਹੱਥ ਵਿਚ ਕੁਝ ਨਹੀਂ ਹੁੰਦਾ। ਕੁਝ ਘਟਨਾਵਾਂ ਹਨ ਕਿ ਸਾਨੂੰ ਮਾਲਕ ਨੇ ਏਨੀ ਕੁ ਸੁੱਧ ਦਿੱਤੀ ਹੈ, ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਆਪਾਂ ਸਿੱਖ ਬਣੇ ਹਾਂ। ਇਹ ਵੇਰਾਂ ਬੜੇ ਪਿਆਰ ਨਾਲ ਆਖੀਏ- ਧੰਨ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ। ਆਪਣੇ ਚੋਂ ਬਹੁਤੇ ਜਾਂ ਏਥੇ ਸਾਰੇ ਹੀ ਪਾਕਿਸਤਾਨ ਚੋਂ ਆਏ ਹਨ। ਇਹ ਇਲਾਕਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿੱਡਾ ਸੋਹਣਾ ਸੁਪਨਾ ਲੈ ਕੇ ਵਸਾਇਆ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਬਚਨ ਕਰਦੇ ਸੀ ਕਿ ਜਦੋਂ ਬਾਕੀ ਰਿਆਸਤਾਂ ਟੁੱਟ ਗਈਆਂ, ਸਤਿਗੁਰਾਂ ਨੂੰ ਨਾਮਧਾਰੀਆਂ ਨੂੰ ਇਕ ਰਿਆਸਤ ਬਣਾ ਕੇ ਦੇ ਦਿੱਤੀ। ਉਸ ਰਿਆਸਤ ਪਿਛੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਸੁਪਨਾ ਸੀ ਕਿ ਏਥੇ ਸਿੱਖੀ ਹੋਵੇਗੀ। ਏਥੇ ਸੱਚ ਹੋਵੇਗਾ। ਪਰ ਅੱਜ ਦੇ ਹਾਲਾਤ ਵੇਖ ਕੇ ਸਤਿਗੁਰਾਂ ਨੂੰ ਕਿੰਨਾਂ ਦੁੱਖ ਹੋਵੇਗਾ ਕਿ ਸਾਡੇ ਬੱਚੇ ਨਸ਼ਿਆਂ ਵਿਚ ਗ੍ਰਸਤ ਹੋਈ ਜਾ ਰਹੇ ਨੇ। ਇਸ ਸਟੇਜ ਦਾ ਫਿਕਰ ਸਰਕਾਰਾਂ ਨੂੰ ਨਹੀਂ, ਸਰਕਾਰਾਂ ਦਾ ਫਿਕਰ ਵੋਟਾਂ ਲੈਣ ਤੱਕ ਹੀ ਰਹਿ ਜਾਂਦਾ ਹੈ। ਇਸ ਚੀਜ ਦਾ ਫਿਕਰ ਤੁਹਾਨੂੰ ਹੋਣਾ ਚਾਹੀਦਾ ਹੈ। ਅੱਜ ਜੇ ਸਾਡੇ ਗਵਾਢੀ ਦੇ ਘਰ ਅੱਗ ਲੱਗੀ ਹੈ ਤੇ ਕੱਲ ਨੂੰ ਇਹ ਅੱਗ ਸਾਡੇ ਵੀ ਲਗ ਸਕਦੀ ਹੈ। ਜੇਹੜੀ ਕੁੜੀ ਉਸ ਨੌਜੁਆਨ ਦੇ ਘਰੋਂ ਹੁੰਦੀ ਹੈ ਉਹਦਾ ਕੀ ਕਸੂਰ ਹੈ, ਛੋਟੇ-ਛੋਟੇ ਬੱਚਿਆਂ ਦਾ ਕੀ ਕਸੂਰ ਹੈ ਜਿਨਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਜਾਂਦਾ ਹੈ। ਆਪਾਂ ਤਗੜੇ ਹੋਈਏ, ਇਹ ਪ੍ਰਣ ਕਰੀਏ ਕਿ ਸਾਡੇ ਇਲਾਕੇ ਵਿਚ ਕੋਈ ਨਸ਼ਾ ਨਹੀਂ ਕਰੇਗਾ, ਕੋਈ ਨਸ਼ਾ ਨਹੀਂ ਵੇਚੇਗਾ। ਸਾਡੇ ਇਲਾਕੇ ਵਿਚ ਅਸੀਂ ਸ਼ਰਾਬ ਦਾ ਠੇਕਾ ਨਹੀਂ ਖੁੱਲਣ ਦਿਆਂਗੇ, ਜੇ ਕੋਈ ਖੋਲੇ ਤਾਂ ਉਸਦੀ ਵਿਕਰੀ ਨਾ ਹੋਵੇ ਉਹ ਵੀ ਦੁਕਾਨ ਚੁੱਕ ਕੇ ਚਲਾ ਜਾਵੇ। ਇਹ ਤੁਹਾਡਾ ਮਹੌਲ ਹੋਵੇ ਕਿਉਂਕਿ ਤੁਸੀਂ ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਹੋਏ ਹੋ, ਸਾਡਾ ਥਾਂ ਬੜਾ ਉੱਚਾ ਹੈ, ਜੇ ਅਸੀਂ ਸਿੱਖੀ ਨਾਲ ਜੁੜ ਜਾਈਏ ਅਸੀਂ ਇਨਾਂਸਾਰੀਆਂ ਗੱਲਾਂ ਤੋਂ ਬਚ ਜਾਂਦੇ ਹਾਂ। ਸਾਡਾ ਜੀਵਨ ਉੱਚਾ ਹੋ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ, ਸਾਨੂੰ ਸੱਚ ਬੋਲਣ ਦੀ ਜ਼ੁਰਅਤ ਮਿਲ ਜਾਂਦੀ ਹੈ। ਨਹੀਂ ਤੇ ਅਸੀਂ ਏਥੇ ਕੁ ਹੀ ਰਹਿ ਜਾਂਦੇ ਹਾਂ ਕਿ ਜਿਹੜੇ ਅਸੀਂ ਨਸ਼ਾ ਛਡਾਊ ਸਮਾਗਮ ਕਰਦੇ ਹਾਂ, ਜਿਹੜੇ ਨਸ਼ਾ ਵੇਚਣ ਵਾਲੇ ਹੁੰਦੇ ਨੇ ਉਹਨਾਂ ਨੂੰ ਹੀ ਸਿਰੋਪਾਓ ਦੇ ਕੇ ਅਸੀਂ ਤੋਰ ਦੇਂਦੇ ਹਾਂ। ਆਪਾਂ ਨੂੰ ਤਗੜੇ ਹੋਣ ਦੀ ਲੋੜ ਹੈ, ਘਰ ਆਪਣਾ ਉੱਜੜਦਾ ਹੈ, ਹੋਰ ਕਿਸੇ ਦਾ ਨਹੀਂ ਉੱਜੜਦਾ। ਮਾਵਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ, ਜੇ ਤੁਸੀਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਸਿੱਖੀ ਨਾਲ ਜੋੜੋਗੇ। ਉਹ ਬੱਚਾ ਕਦੇ ਵੀ ਨਸ਼ੇ ਦੇ ਨੇੜੇ ਨਹੀਂ ਜਾਏਗਾ। ਇਸ ਲਈ ਮੈਂ ਤੁਹਾਨੂੰ ਸਾਰਿਆਂ ਨੂੰ ਬੇਨਤੀ ਕਰਦਾ ਹਾਂ- ਘਰਦਿਆਂ ਦੇ ਦੁੱਖ ਵਿੱਚ ਸ਼ਾਮਲ ਹੁੰਦਾ ਹਾਂ, ਸੱਚੇ ਪਾਤਸ਼ਾਹ ਕਿਰਪਾ ਕਰਨ ਭਾਣਾ ਮੰਨਣ ਦਾ ਬਲ ਬਖਸ਼ਣ। ਅੱਗੇ ਤੋਂ ਘਰ ਵਿਚ ਸੁੱਖ-ਸ਼ਾਂਤੀ ਬਖਸ਼ਣ ਆਪਾਂ ਸਾਰੇ ਹੀ ਆਪਣੀ ਜ਼ਿੰਮੇਵਾਰੀ ਸਮਝੀਏ, ਘਰਾਂ 'ਚ ਸਿੱਖੀ ਦਾ ਪ੍ਰਚਾਰ ਕਰੀਏ ਏਨਾਂ ਕੁਝ ਕਹਿ ਕੇ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ॥

-ਹਰਪਾਲ ਸਿੰਘ ਸੇਵਕ

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਸਮੂਹ ਨਾਮਧਾਰੀ ਸਾਧ ਸੰਗਤ ਵਾਸਤੇ ਇਹ ਖੁਸ਼ੀਆਂ ਭਰੀ ਖਬਰ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਭਾਰਤ ਸਰਕਾਰ 200/ਰੁਪਏ ਦਾ ਯਾਦਗਾਰੀ ਸਿੱਕਾ ਅਤੇ 10/ ਰੁਪਏ ਦਾ ਰੈਗੂਲਰ ਸਿੱਕਾ ਜਾਰੀ ਕਰਨ ਜਾ ਰਹੀ ਹੈ । ਜਿਸ ਦੇ ਰਿਲੀਜ ਕਰਨ ਦੇ ਸਮਾਗਮ ਦੀ ਤਾਰੀਖ ਅਤੇ ਜਗ੍ਹਾ ਬਾਰੇ ਬਾਅਦ ਵਿੱਚ ਦਸ ਦਿੱਤਾ ਜਾਵੇਗਾ।

ਇਹ ਯਾਦ ਰੱਖਣ ਯੋਗ ਗੱਲ ਹੈ ਕਿ ਭਾਰਤ ਸਰਕਾਰ ਵਲੋਂ ਕੂਕਾ ਲਹਿਰ ਦੀ150 ਵੀਂ ਵਰ੍ਹੇ ਗੰਢ ਦੇ ਮੌਕੇ ਤੇ ਵੀ 100/ਰੁਪਏ ਦਾ ਯਾਦਗਾਰੀ ਸਿੱਕਾ ਅਤੇ 5/ਰੁਪਏ ਦਾ ਕਰੰਸੀ ਸਿੱਕਾ 5 ਅਕਤੂਬਰ 2012 ਨੂੰ ਜਾਰੀ ਕੀਤਾ ਗਿਆ ਸੀ।

ਇਨ੍ਹਾਂ ਸਿੱਕਿਆਂ ਨੂੰ ਤਿਆਰ ਕਰਾਉਣ ਦਾ ਕੰਮ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ -ਸੰਤ ਸੁਰਿੰਦਰ ਸਿੰਘ ਨਾਮਧਾਰੀ (ਪ੍ਰਧਾਨ-ਵਿਸ਼ਵ ਨਾਮਧਾਰੀ ਸੰਗਤ) ਦੀ ਅਣੱਥਕ ਭੱਜ ਦੌੜ ਸਦਕਾ ਹੀ ਸਿਰੇ ਚੜ੍ਹਿਆ ਹੈ।

"ਸਤਿਜੁਗ ਆਦਾਰਾ" ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਕੋਟਾਨਿ ਕੋਟਿ ਧੰਨਵਾਦ ਕਰਦਾ ਹੈ ਅਤੇ ਸਮੁੱਚੀ ਨਾਮਧਾਰੀ ਸਾਧ ਸੰਗਤ ਨੂੰ ਖੁਸ਼ੀਆਂ ਭਰੀ ਵਧਾਈ ਦਿੰਦਾ ਹੈ ਅਤੇ ਨਾਲ ਹੀ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ 'ਚ ਸਨਿਮਰ ਅਰਜ਼ ਕਰਦਾ ਹੈ ਕਿ -ਸੰਤ ਸੁਰਿੰਦਰ ਸਿੰਘ ਨਾਮਧਾਰੀ ਨੂੰ ਇਸ ਤਰ੍ਹਾਂ ਦੇ ਸ਼ਲਾਘਾਯੋਗ ਉੱਦਮਾਂ ਵਾਸਤੇ ਹੋਰ ਬਲ ਬਖਸ਼ਣ,ਉਨ੍ਹਾਂ ਨੂੰ ਤੰਦਰੁਸਤੀ ਅਤੇ ਲੰਮੀ ਉਮਰ ਬਖਸ਼ਣ ਤਾਂ ਜੋ ਉਹ ਸਦਾ ਹੀ ਨਾਮਧਾਰੀ ਪੰਥ ਦੀ ਸੇਵਾ ਕਰਦੇ ਰਹਿਣ।

ਵਲੋਂ- ਅਜੀਤ ਸਿੰਘ ਨਾਮਧਾਰੀ

ਸਕੱਤਰ ਸ਼ਿਵ ਨਾਮਧਾਰੀ ਸੰਗਤ, ਕੂਕਾ ਸ਼ਹੀਦ ਯਾਦਗਾਰੀ ਟ੍ਰਸਟ

ਜਰੂਰੀ ਨੋਟ-ਜਿਨ੍ਹਾਂ ਸਜਣਾਂ ਨੇ ਇਹ ਸਿੱਕੇ ਖਰੀਦਣੇ ਹਨ ਉਹ ਸੰਤ ਸੁਰਿੰਦਰ ਸਿੰਘ ਨਾਮਧਾਰੀ ਨਾਲ ਸੰਪਰਕ ਕਰਨ।

ਸੁਲੱਖਣ ਸਿੰਘ ਭਿੰਡਰ

ਸ. ਸੁਲੱਖਣ ਸਿੰਘ ਭਿੰਡਰ ਦਾ ਜਨਮ ਪਿੰਡ ਰਾਜੂਵਾਲ ਜਿਲ੍ਹਾ ਗੁਰਦਾਸਪੁਰ (ਪੰਜਾਬ) ਵਿਚ 22 ਅਪ੍ਰੈਲ 1952 ਈਸਵੀ ਨੂੰ ਸ. ਗੁਰਦਿਆਲ ਸਿੰਘ ਭਿੰਡਰ ਦੇ ਘਰ ਸ੍ਰੀ ਮਤੀ ਗੁਰਦੀਪ ਕੌਰ ਦੀ ਕੁਖੋਂ ਹੋਇਆ। ਆਪ ਨੇ ਮੈਟ੍ਰਿਕ 1970ਈ. ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਜ਼ਿਲਾ ਸਿਰਸਾ (ਹਰਿਆਣਾ) ਤੋਂ 1972 ਆਈ.ਟੀ.ਆਈ. ਡਿਪਲੋਮਾ ਮਕੈਨੀਕਲ (ਟਰਨਰ) ਸਿਰਸਾ ਹਰਿਆਣਾ ਤੋਂ ਕੀਤਾ।1972 ਤੋਂ 80 ਪ੍ਰਾਈਵੇਟ ਨੌਕਰੀ ਹਰਿਆਣਾ ਤੋਂ 1981 ਤੋਂ 2010 H.S.M.I.T.C. ਅਤੇ (ਹੋਮ ਗਾਰਡ ਹਰਿਆਣਾ) ਦੋਨਾਂ ਵਿਭਾਗਾਂ ਵਿਚ ਸ੍ਰੀ ਜੀਵਨ ਨਗਰ ਅਤੇ ਸਿਰਸਾ ਹਰਿਆਣੇ ਵਿਚ ਰਹਿ ਕੇ ਨੌਕਰੀ ਕੀਤੀ। ਆਪ ਦੀਆਂ ਰਚਨਾਵਾਂ: ਮੈਗਜ਼ੀਨ ਸ਼ਬਦ ਬੂੰਦ, ਗੁਰਮਤਿ ਪ੍ਰਕਾਸ਼, ਵਰਿਆਮ, ਪੰਥਕ ਸਮਾਚਾਰ, ਸਤਿਜੁਗ ਅਤੇ ਰੋਜ਼ਾਨਾ ਜਗਬਾਣੀ ਵਿਚ ਲੇਖ, ਕਵਿਤਾਵਾਂ ਅਤੇ ਗੀਤ ਛਪਦੇ ਰਹੇ। ਪਿਛਲੇ ਦਿਨੀਂ ਆਪ ਆਪਣੀ ਜੀਵਨ ਯਾਤਰਾ ਪੂਰੀ ਕਰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸ. ਸੁਲੱਖਣ ਸਿੰਘ ਜੀ ਨਮਿੱਤ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ 29 ਮਾਰਚ 2019 ਨੂੰ ਪਾਠ ਦਾ ਭੋਗ ਪਿਆ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਿਆ।

ਖਿਮਾਂ-ਯਾਚਨਾ

ਹੋਲਾ-ਮਹੱਲਾ 2019 ਤੋਂ ਬਾਅਦ ਅਪ੍ਰੈਲ-ਮਈ ਦੇ ਸਤਿਜੁਗ ਦੇ ਪਰਚੇ ਪਾਠਕਾਂ ਤੱਕ ਬਹੁਤ ਦੇਰ ਨਾਲ ਪਹੁੰਚੇ ਹਨ। **ਕਾਰਣ?** ਡਾਕ-ਵਿਭਾਗ ਦੇ ਦਫ਼ਤਰੀ ਕੰਮ ਦੀ ਅੜਚਨ ਬਣਿਆ। ਸਤਿਜੁਗ ਦੀ ਪਰਿਟਿੰਗ, ਪਬਲੀਕੇਸ਼ਨ ਦੀ ਅਪਰੂਬਲ ਤਾਂ (ਸ੍ਰੀ ਭੈਣੀ ਸਾਹਿਬ) ਪੰਜਾਬ ਤੋਂ ਮਿਲ ਗਈ ਹੈ ਪਰ ਅਜੇ ਪੋਸਟਿੰਗ ਦਿੱਲੀਓਂ ਹੀ ਕਰਨੀ ਪੈ ਰਹੀ ਹੈ।

ਦੂਸਰਾ ਕਾਰਣ ਦਿੱਲੀ ਜਿਸ ਪੋਸਟ ਆਫ਼ਿਸ ਤੋਂ ਸਤਿਜੁਗ ਦੇ ਪਰਚੇ ਪੋਸਟ ਕੀਤੇ ਜਾਂਦੇ ਸਨ। ਉਹ ਦਫ਼ਤਰ ਦੀ ਜਗ੍ਹਾ ਬਦਲਨ ਕਰਕੇ ਤਿੰਨ ਪਰਚੇ ਦਿੱਲੀ ਪਹੁੰਚ ਕੇ ਵੀ ਪੋਸਟ ਨਾ ਹੋ ਸਕੇ। ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੋਸਟਿੰਗ ਦੀ ਮਨਜ਼ੂਰੀ ਵੀ ਜਲਦੀ ਪੰਜਾਬ (ਲੁਧਿਆਣਾ) ਤੋਂ ਮਿਲ ਜਾਵੇ। ਸੰਗਤਾਂ ਦੀ ਪਰੇਸ਼ਾਨੀ ਲਈ ਨਿਮਰਤਾ ਸਹਿਤ ਖਿਮਾਂ-ਯਾਚਨਾ ਕਰਦੇ ਹਾਂ। ਅੱਗੇ ਤੋਂ ਪੂਰੀ ਕੋਸ਼ਿਸ਼ ਹੋਵੇਗੀ ਕਿ ਪਰਚਾ 'ਸਤਿਜੁਗ' ਆਪ ਸਭ ਤੱਕ ਠੀਕ ਸਮੇਂ ਨਾਲ ਪੁੱਜੇ।

ਖਿਮਾਂ ਯਾਚਕ

ਅਦਾਰਾ ਸਤਿਜੁਗ (ਸ੍ਰੀ ਭੈਣੀ ਸਾਹਿਬ)

ਸਤਿਜੁਗ ਬਾਰੇ ਕੋਈ ਦਿੱਕਤ ਆਵੇ ਤਾਂ ਸੰਪਰਕ ਕਰੋ-

ਹਰਕੀਰਤ ਸਿੰਘ- 94630 10382
ਸਵਿੰਦਰ ਸਿੰਘ- 88378 10603
ਹਾਕਮ ਸਿੰਘ- 98155 75099

Sri Satguru Jagjit Singh Ji Elibrary NamdhariElibrary@gmail.com

ਸਿਡਨੀ (ਆਸਟ੍ਰੇਲੀਆ) ਦੌਰੇ ਦੀਆਂ ਝਲਕੀਆਂ 10 ਮਈ 2019

ਸ੍ਰੀ ਸਤਿਗੁਰੂ ਜੀ ਉਪਦੇਸ਼ ਦਿੰਦੇ ਹੋਏ।

ਸ੍ਰੀ ਸਤਿਗੁਰੂ ਜੀ ਜਗਚਾਨਣ ਸਿੰਘ ਅਤੇ ਉਹਨਾਂ ਦੀ ਬੇਟੀ ਨਾਲ ਬਚਨ ਬਿਲਾਸ ਕਰਦੇ ਹੋਏ।

99.9 ਐਫ. ਐਮ ਰੇਡੀਓ ਤੇ ਗੱਲਬਾਤ ਦੌਰਾਨ ਸਮੇਂ ਸੰਤ ਨਿਸ਼ਾਨ ਸਿੰਘ ਕਥਾਕਾਰ ਤੇ ਸੁਖਵਿੰਦਰ ਸਿੰਘ ਲਾਇਲ

ਹਾਈਕਿੰਗ ਤੇ- ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ

Sri Satguru Jagjit Singh Ji Elibrary NamdhariElibrary@gmail.com

Date of Publication: 26-6-2019,
Date of Posting: 27-28 June 2019

RNI NO. 55658/93 Delhi Postal Regd. No. DL(W) 01/2055/18-20

ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਸੈਰ ਕਰਦੇ ਹੋਏ।

ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨਾਲ ਸਿਡਨੀ (ਆਸਟ੍ਰੇਲੀਆ) ਵਿਖੇ
ਦੀ ਸਾਧ ਸੰਗਤ ਤਸਵੀਰ ਕਰਵਾਉਂਦੀ ਹੋਈ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com